MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
384-8148 128 St., Surrey
6303 Fraser St., Vancouver

ਕੈਨੇਡਾ
ਪੰਜਾਬ ਲਿੰਕ
WEEKLY NEWSPAPER VOL. : 10 ISSUE : 32 SATURDAY, 6 AUGUST, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

ਕੈਨੇਡਾ 'ਚ 2021 ਵਿਚ ਨਫਰਤੀ ਅਪਰਾਧ 27 ਫ਼ੀਸਦੀ ਵਧੇ

ਵੈਨਕੂਵਰ ਵਿਚ ਸਭ ਤੋਂ ਵੱਧ ਨਫਰਤੀ ਅਪਰਾਧ ਰਹੇ

ਓਟਵਾ-ਸਮੁੱਚੇ ਕੈਨੇਡਾ ਵਿਚ ਪੁਲਿਸ ਵਲੋਂ ਕੀਤੀ ਰਿਪੋਰਟ ਮੁਤਾਬਿਕ ਲਗਾਤਾਰ ਦੂਸਰੇ ਸਾਲ ਨਫਰਤੀ ਅਪਰਾਧ ਵਧੇ ਹਨ। ਸਟੇਟਸ ਕੈਨੇਡਾ ਦੇ ਤਾਜ਼ਾ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 2021 ਵਿਚ ਨਫਰਤੀ ਅਪਰਾਧ 27 ਫ਼ੀਸਦੀ ਵਧੇ ਹਨ ਅਤੇ ਪਿਛਲੇ ਦੋ ਸਾਲਾਂ ਵਿਚ 72 ਫ਼ੀਸਦੀ ਵਧੇ ਹਨ। ਯੂਕੋਨ ਜਿਥੇ ਅਪਰਾਧਾਂ ਦੀ ਗਿਣਤੀ ਪਹਿਲਾਂ ਵਾਲੀ ਰਹੀ ਨੂੰ ਛੱਡ ਕੇ ਹਰੇਕ ਸੂਬੇ ਤੇ ਟੈਰੀਟਰੀ ਵਿਚ ਨਫਰਤੀ ਅਪਰਾਧ ਵਧੇ ਹਨ। ਐਂਟੀ-ਰੇਸਿਜ਼ਮ ਇਨੀਸ਼ੇਟਿਵ ਲਈ ਬੀਸੀ ਦੀ ਸੰਸਦੀ ਸਕੱਤਰ ਰਚਨਾ ਸਿੰਘ ਨੇ ਕਿਹਾ ਕਿ ਡਾਟਾ ਪ੍ਰੇਸ਼ਾਨ ਕਰਨ ਵਾਲਾ ਹੈ ਅਤੇ ਪਤਾ ਲਗਦਾ ਹੈ ਕਿ ਨਸਲਵਾਦ ਵਿਰੋਧੀ ਪਹਿਲਕਦਮੀਆਂ 'ਤੇ ਧਿਆਨ ਵਧਾਉਣ ਦੀ ਲੋੜ ਹੈ। 2021 ਵਿਚ ਧਰਮ ਦੇ ਆਧਾਰ 'ਤੇ ਨਫਰਤੀ ਅਪਰਾਧ 67 ਫ਼ੀਸਦੀ, ਜਿਣਸੀ ਰੁਝਾਨ ਦੇ ਆਧਾਰ 'ਤੇ 64 ਅਤੇ ਨਸਲ ਦੇ ਆਧਾਰ 'ਤੇ 6 ਫ਼ੀਸਦੀ ਵਧੇ ਹਨ। ਬੀਸੀ ਵਿਚ ਅਸੀਂ ਦੇਖਦੇ ਹਾਂ ਕਿ ਏਸ਼ੀਆਈ ਮੂਲ ਦੇ ਲੋਕਾਂ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਤੇ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ ਜਿਸ ਕਾਰਨ ਉਨ੍ਹਾਂ ਖਿਲਾਫ ਤੇ ਉਨ੍ਹਾਂ ਦੇ ਕਾਰੋਬਾਰਾਂ ਖਿਲਾਫ ਹਮਲੇ ਵਧ ਰਹੇ ਹਨ। ਪੁਲਿਸ ਦੀ ਰਿਪੋਰਟ ਮੁਤਾਬਿਕ ਵੈਨਕੂਵਰ ਵਿਚ ਨਫਰਤੀ ਅਪਰਾਧ ਵਧ ਕੇ 429 ਹੋ ਗਏ ਜਿਹੜੇ 2020 ਵਿਚ 327 ਸਨ। ਵਿਕਟੋਰੀਆ ਵਿਚ ਦੂਸਰੇ ਸਭ ਤੋਂ ਵੱਧ 40 ਨਫਰਤੀ ਅਪਰਾਧ ਹੋਏ ਜਿਹੜੇ 2020 ਵਿਚ 35 ਸਨ। ਇਸੇ ਤਰ੍ਹਾਂ ਕੇਲੋਵਨਾ ਵਿਚ 2020 ਵਿਚ 6 ਤੋਂ ਵਧ ਕੇ 24 ਅਤੇ ਐਬਟਸਫੋਰਡ ਵਿਚ 2020 ਵਿਚ 8 ਤੋਂ ਵਧ ਕੇ 16 ਹੋ ਗਏ।

ਕੈਨੇਡੀਅਨ ਵਿਦੇਸ਼ ਮੰਤਰੀ ਵਲੋਂ ਫੌਜੀ ਮਸ਼ਕਾਂ ਦਰਮਿਆਨ ਤਾਈਵਾਨ ਨੂੰ ਲੈ ਕੇ ਚੀਨ ਨੂੰ ਪਿੱਛੇ ਹਟਣ ਦੀ ਅਪੀਲ

ਓਟਵਾ-ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਅਮਰੀਕਾ, ਤਾਈਵਾਨ ਤੇ ਚੀਨ ਦਰਮਿਆਨ ਵਧ ਰਹੇ ਤਣਾਅ ਨੂੰ ਦੇਖਦੇ ਹੋਏ ਸ਼ਾਂਤ ਰਹਿਣ ਦਾ ਸੱਦਾ ਦਿੱਤਾ ਹੈ ਅਤੇ ਉਨ੍ਹਾਂ ਮੌਜੂਦਾ ਅੜਿੱਕੇ ਲਈ ਜ਼ਿੰਮੇਵਾਰੀ ਬੀਜਿੰਗ 'ਤੇ ਸੁੱਟੀ ਹੈ। ਮਾਂਟਰੀਅਲ ਵਿਚ ਆਪਣੇ ਜਰਮਨੀ ਦੇ ਹਮਰੁਤਬਾ ਨਾਲ ਇਕ ਪ੍ਰੈਸ ਕਾਨਫਰੰਸ ਵਿਚ ਜੋਲੀ ਨੇ ਕਿਹਾ ਕਿ ਫੈਡਰਲ ਸਰਕਾਰ ਚੀਨ ਵਲੋਂ ਕੀਤੀ ਜਾ ਰਹੀ ਧਮਕੀ ਭਰੀ ਕਾਰਵਾਈ ਅਤੇ ਉਸ ਦੀ ਆਰਥਿਕ ਧੱਕੇਸ਼ਾਹੀ ਕਾਰਨ ਬਹੁਤ ਜ਼ਿਆਦਾ ਚਿੰਤਤ ਸੀ। ਉਨ੍ਹਾਂ ਇਹ ਟਿੱਪਣੀਆਂ ਚੀਨ ਵਲੋਂ ਵੀਰਵਾਰ ਤੋਂ ਅਮਰੀਕੀ ਪ੍ਰਤੀਨਿਧੀ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਦੀ ਤਾਈਵਾਨ ਦੀ ਯਾਤਰਾ ਦੇ ਜਵਾਬ ਵਿਚ ਤਾਈਵਾਨ ਦੁਆਲੇ ਵੱਡੇ ਪੱਧਰ 'ਤੇ ਸੈਨਿਕ ਮਸ਼ਕਾਂ ਕਰਨ ਦੇ ਐਲਾਨ ਪਿੱਛੋਂ ਕੀਤੀਆਂ ਹਨ। ਚੀਨ, ਤਾਈਵਾਨ ਨੂੰ ਆਪਣਾ ਖੇਤਰ ਹੋਣ ਵਜੋਂ ਦਾਅਵਾ ਕਰਦਾ ਹੈ। ਇਹ ਟਿੱਪਣੀਆਂ ਉਸ ਸਮੇਂ ਵੀ ਕੀਤੀਆਂ ਗਈਆਂ ਜਦੋਂ ਦੋ ਕੈਨੇਡੀਅਨ ਜੰਗੀ ਬੇੜੇ ਕੁਝ ਦਿਨ ਹਵਾਈ ਨੇੜੇ ਅਮਰੀਕਾ ਦੀ ਅਗਵਾਈ ਵਾਲੇ ਇਕ ਵੱਡੇ ਪੱਧਰ 'ਤੇ ਸੈਨਿਕ ਅਭਿਆਸ ਵਿਚ ਹਿੱਸਾ ਲੈਣ ਪਿੱਛੋਂ ਪਹਿਲਾਂ ਤੋਂ ਤਾਇਨਾਤੀ ਲਈ ਬਣਾਈ ਯੋਜਨਾ ਤਹਿਤ ਏਸ਼ੀਆ-ਪ੍ਰਸ਼ਾਂਤ ਖੇਤਰ ਵੱਲ ਜਾਣ ਦੀ ਤਿਆਰੀ ਕਰ ਰਹੇ ਹਨ। ਜੋਲੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੇਲੋਸੀ ਵਰਗੇ ਦੌਰੇ ਕੂਟਨੀਤੀ ਦੇ ਆਮ ਹਿੱਸਾ ਹਨ ਅਤੇ ਇਸ ਨੂੰ ਹਮਲਾਵਰ ਕਾਰਵਾਈ ਲਈ ਇਕ ਬਹਾਨੇ ਦੇ ਤੌਰ 'ਤੇ ਨਹੀਂ ਵਰਤਿਆ ਜਾ ਸਕਦਾ। ਇਸ ਤਰ੍ਹਾਂ ਦੀ ਸਥਿਤੀ ਵਿਚ ਅਸੀਂ ਚੀਨ ਨੂੰ ਤਣਾਅ ਘਟਾਉਣ ਦਾ ਸੱਦਾ ਦਿੰਦੇ ਹਾਂ ਕਿਉਂਕਿ ਸਾਡਾ ਖਿਆਲ ਹੈ ਕਿ ਇਸ ਨਾਲ ਨਾ ਕੇਵਲ ਤਣਾਅ ਵਧਣ ਦਾ ਖ਼ਤਰਾ ਹੈ ਸਗੋਂ ਖੇਤਰ ਦੇ ਅਸਥਿਰ ਹੋਣ ਦਾ ਵੀ ਖ਼ਤਰਾ ਹੈ। ਜਰਮਨੀ ਦੀ ਵਿਦੇਸ਼ ਮੰਤਰੀ ਅਨਾਲੇਨਾ ਬਾਰਬੋਕ ਨੇ ਤਾਈਵਾਨ ਜਲਡਮਰੂ ਜਿਹੜਾ ਮੇਨਲੈਂਡ ਚੀਨ ਤੋਂ ਤਾਈਵਾਨ ਨੂੰ ਵੱਖ ਕਰਦਾ ਹੈ ਵਿਚ ਸ਼ਾਂਤੀ ਬਣਾਈ ਰੱਖਣ ਤੇ ਸ਼ਾਂਤੀਪੂਰਣ ਗੱਲਬਾਤ ਲਈ ਜੋਲੀ ਦੇ ਸੱਦੇ ਦਾ ਸਮਰਥਨ ਕੀਤਾ। ਦੋਵੇਂ ਗਰੁੱਪ ਆਫ ਸੈਵਨ ਨੇਸ਼ਨਜ਼ ਜਿਸ ਵਿਚ ਬਰਤਾਨੀਆ, ਫਰਾਂਸ, ਜਰਮਨੀ, ਇਟਲੀ, ਜਪਾਨ ਤੇ ਅਮਰੀਕਾ ਸ਼ਾਮਿਲ ਹਨ ਦੇ ਦੂਸਰੇ ਵਿਦੇਸ਼ ਮੰਤਰੀਆਂ ਨਾਲ ਇਕੱਤਰ ਹੋਏ ਸਨ ਅਤੇ ਬਾਅਦ ਵਿਚ ਅਮਰੀਕਾ ਨੇ ਬਿਆਨ ਜਾਰੀ ਕਰਕੇ ਚੀਨ ਨੂੰ ਤਾਈਵਾਨ ਜਲਡਮਰੂ ਵਿਚ ਹਮਲਾਵਰ ਸੈਨਿਕ ਸਰਗਰਮੀ ਵਿਰੁੱਧ ਚਿਤਾਵਨੀ ਦਿੱਤੀ ਸੀ। ਬਿਆਨ ਵਿਚ ਕਿਹਾ ਕਿ ਅਸੀਂ ਚੀਨ ਨੂੰ ਸੱਦਾ ਦਿੰਦੇ ਹਾਂ ਕਿ ਉਹ ਖੇਤਰ ਵਿਚ ਤਾਕਤ ਨਾਲ ਮੌਜੂਦਾ ਸਥਿਤੀ ਨੂੰ ਮਨਮਰਜ਼ੀ ਨਾਲ ਨਾ ਬਦਲੇ ਅਤੇ ਸ਼ਾਂਤੀਪੂਰਣ ਤਰੀਕਿਆਂ ਨਾਲ ਮਤਭੇਦਾਂ ਨੂੰ ਹੱਲ ਕਰੇ।

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀਂ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours - rate hold - 120 days
- Bad credit also welcome
AMANDEEP DUGGAL MORTGAGE BROKER
A Better Way
604-368 -2030
604-227-9694
102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling personal injury claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

Translation Services Available
STA has support staff fluent in Punjabi, Hindi and Gujarati.

Your Needs Come First
If mobility is a challenge, we can come to you.

Adam Ueland
LAWYER

Call Simpson, Thomas & Associates at 604-229-6448 to request a free initial legal consultation or fill out our online form on simpsonthomas.com

"We have offices in Vancouver and Surrey/Delta."

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 10 ISSUE : 32 SATURDAY, 6 AUGUST, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
Available on the App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

ਉਪਾਸਨਾ ਸਿੰਘ ਨੇ ਮਿਸ ਯੂਨਵਿਰਸ ਹਰਨਾਜ਼ ਸੰਧੂ ਖਿਲਾਫ ਕੀਤਾ ਦੀਵਾਨੀ ਦਾਅਵਾ

ਚੰਡੀਗੜ-ਬੌਲੀਵੁੱਡ ਅਦਾਕਾਰਾ ਉਪਾਸਨਾ ਸਿੰਘ ਨੇ ਮਿਸ ਯੂਨੀਵਰਸ ਹਰਨਾਜ਼ ਕੌਰ ਸੰਧੂ ਖ਼ਿਲਾਫ਼ ਚੰਡੀਗੜ੍ਹ ਦੇ ਸੈਕਟਰ 43 'ਚ ਸਥਿਤ ਜ਼ਿਲ੍ਹਾ ਅਦਾਲਤ ਵਿੱਚ ਕੇਸ (ਸਿਵਲ ਸੂਟ) ਦਾਇਰ ਕੀਤਾ ਹੈ। ਉਪਾਸਨਾ ਸਿੰਘ ਵੀਰਵਾਰ ਨੂੰ ਆਪਣੇ ਵਕੀਲ ਕਰਨ ਸਚਦੇਵਾ ਨਾਲ ਚੰਡੀਗੜ੍ਹ ਸਥਿਤ ਜ਼ਿਲ੍ਹਾ ਅਦਾਲਤ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਹਰਨਾਜ਼ ਕੌਰ ਸੰਧੂ ਦੇ ਖ਼ਿਲਾਫ਼ ਸਿਵਲ ਕੇਸ ਦਾਇਰ ਕੀਤਾ ਹੈ। ਉਪਾਸਨਾ ਸਿੰਘ ਨੇ ਦੋਸ਼ ਲਗਾਇਆ ਹੈ ਕਿ ਹਰਨਾਜ਼ ਨੇ ਸਾਲ 2020 ਵਿੱਚ ਫੈਮਿਨਾ ਮਿਸ ਇੰਡੀਆ ਪੰਜਾਬ ਦਾ ਖਿਤਾਬ ਜਿੱਤਿਆ ਸੀ। ਉਸ ਸਮੇਂ ਹਰਨਾਜ਼ ਨੇ ਉਸ ਦੇ ਸੰਤੋਸ਼ ਐਂਟਰਟੇਨਮੈਂਟ ਸਟੂਡੀਓ ਐੱਲਐੱਲਪੀ ਨਾਲ ਇਕ ਕੰਟਰੈਕਟ ਕੀਤਾ ਸੀ। ਇਸ ਕੰਟਰੈਕਟ ਅਨੁਸਾਰ ਉਪਾਸਨਾ ਸਿੰਘ ਵੱਲੋਂ ਬਣਾਈ ਜਾਣ ਵਾਲੀ ਪੰਜਾਬੀ ਫ਼ਿਲਮ 'ਬਾਈ ਜੀ ਕੁੱਟਣਗੇ' ਵਿੱਚ ਹਰਨਾਜ਼ ਕੌਰ ਸੰਧੂ ਨੂੰ ਲੀਡ ਰੋਲ ਦਿੱਤਾ ਗਿਆ ਸੀ। ਕੰਟਰੈਕਟ ਵਿੱਚ ਹਰਨਾਜ਼ ਕੌਰ ਸੰਧੂ ਨੂੰ ਫ਼ਿਲਮ ਵਿੱਚ ਸਰੀਰਕ ਅਤੇ ਵਰਚੁਅਲ ਢੰਗ ਨਾਲ ਹਾਜ਼ਰ ਹੋਣਾ ਲਾਜ਼ਮੀ ਲਿਖਿਆ ਸੀ। ਉਪਾਸਨਾ ਸਿੰਘ ਨੇ ਕਿਹਾ ਕਿ ਸਾਲ 2021 ਵਿੱਚ ਹਰਨਾਜ਼ ਕੌਰ ਸੰਧੂ ਨੇ ਮਿਸ ਯੂਨੀਵਰਸ ਦਾ ਖਿਤਾਬ ਜਿੱਤਣ ਤੋਂ ਬਾਅਦ ਕੰਟਰੈਕਟ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕੀਤਾ। ਹਰਨਾਜ਼ ਨੇ ਫੋਨ ਚੁੱਕਣ ਅਤੇ ਈ-ਮੇਲ ਤੇ *(ਬਾਕੀ ਸਫ਼ਾ 9 'ਤੇ)*

ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਸਾਜ਼ਸ਼ੀ ਗੋਲਡੀ ਬਰਾੜ ਨੂੰ ਕੈਨੇਡਾ ਤੋਂ ਭਾਰਤ ਲਿਆਉਣ ਦੇ ਯਤਨ

ਮਾਨਸਾ-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਤੋਂ ਕੀਤੀ ਗਈ ਪੁੱਛ-ਗਿੱਛ ਨੂੰ ਗੰਭੀਰਤਾ ਨਾਲ ਲੈਂਦਿਆਂ ਹੁਣ ਪੰਜਾਬ ਅਤੇ ਕੇਂਦਰ ਸਰਕਾਰ ਚੌਕਸ ਹੋ ਗਈ ਹੈ। ਪੰਜਾਬੀ ਗਾਇਕ ਦੇ ਕਤਲ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਦੇ ਸ਼ੂਟਰਾਂ ਤੋਂ ਬਾਅਦ ਹੁਣ ਰਾਜਸਥਾਨ 'ਚ ਫੜੇ ਗਏ ਅਰਸ਼ਦ ਖਾਨ ਦੇ ਇਸ ਮਾਮਲੇ ਵਿੱਚ ਸਿੱਧੇ ਰੂਪ ਵਿੱਚ ਜੁੜੇ ਹੋਣ ਮਗਰੋਂ ਹੋਰ ਪਰਤਾਂ ਖੁੱਲ੍ਹ ਰਹੀਆਂ ਹਨ। ਕੇਂਦਰ ਵੱਲੋਂ ਗੈਂਗਸਟਰਾਂ ਦੇ ਆਪਸੀ ਗੱਠਜੋੜ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਲਈ ਹੁਣ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਸਮੇਤ ਹੋਰਨਾਂ ਨੂੰ ਭਾਰਤ ਲਿਆਉਣ ਲਈ ਉਪਰਾਲੇ ਆਰੰਭੇ ਗਏ ਹਨ। ਇੱਕ ਪੁਲੀਸ ਅਧਿਕਾਰੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਮਲੇ ਲਈ ਮਾਨਸਾ ਪੁਲੀਸ ਫੜੇ ਗਏ ਸ਼ੂਟਰਾਂ ਤੋਂ ਲਗਾਤਾਰ ਪੁੱਛ-ਗਿੱਛ ਕਰ ਰਹੀ ਹੈ ਪਰ ਗੈਂਗਸਟਰਾਂ ਖ਼ਿਲਾਫ਼ ਕਾਰਵਾਈ ਕਰਨ ਦੀ ਕਮਾਨ ਕੌਮੀ ਜਾਂਚ ਏਜੰਸੀ (ਐੱਨਆਈਏ) ਦੇ ਡਾਇਰੈਕਟਰ ਜਨਰਲ (ਡੀਜੀ) ਦਿਨਕਰ ਗੁਪਤਾ ਨੂੰ ਸੌਂਪੀ ਗਈ ਹੈ। ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਮਾਰੇ ਗਏ ਸ਼ਾਰਪ ਸ਼ੂਟਰ ਜਗਰੂਪ ਰੂਪਾ ਤੇ ਮਨਪ੍ਰੀਤ ਮੰਨੂ ਸਬੰਧੀ ਜਾਂਚ ਤੋਂ ਬਾਅਦ ਪੁਲੀਸ ਨੂੰ ਪਤਾ ਲੱਗਾ ਹੈ ਕਿ ਦੋਵੇਂ ਸਰਹੱਦੀ ਖੇਤਰ ਨੇੜੇ ਵੀ ਗਏ ਸਨ ਤਾਂ ਕਿ ਉਹ ਪਾਕਿਸਤਾਨ ਭੱਜ ਸਕਣ। ਪੁਲੀਸ ਅਨੁਸਾਰ ਉਥੇ ਉਨ੍ਹਾਂ ਬੱਬਰ ਖਾਲਸਾ ਦੇ ਗੈਂਗਸਟਰ ਹਰਵਿੰਦਰ ਰਿੰਦਾ ਦਾ ਸਮਰਥਨ ਹਾਸਲ ਕਰਨਾ ਸੀ। ਪੁਲੀਸ ਅਧਿਕਾਰੀ ਅਨੁਸਾਰ ਕੇਂਦਰ ਲਗਾਤਾਰ ਮਾਨਸਾ ਪੁਲੀਸ ਦੇ ਸੰਪਰਕ ਵਿੱਚ ਹੈ। ਵੇਰਵਿਆਂ ਤੋਂ ਪਤਾ ਲੱਗਿਆ ਹੈ ਕਿ ਹੁਣ ਐੱਨਆਈਏ ਦੀ ਜਾਂਚ ਪੰਜਾਬ, ਹਰਿਆਣਾ ਅਤੇ ਰਾਜਸਥਾਨ 'ਤੇ ਕੇਂਦਰਿਤ ਹੋਵੇਗੀ। ਇਨ੍ਹਾਂ ਰਾਜਾਂ ਵਿੱਚ ਜ਼ਿਆਦਾਤਰ ਗੈਂਗਸਟਰ ਸਰਗਰਮ ਹਨ। ਇਸ ਤੋਂ ਇਲਾਵਾ ਕੌਮੀ ਰਾਜਧਾਨੀ ਦਿੱਲੀ ਵਿੱਚ ਵੀ ਗੈਂਗਸਟਰਾਂ ਦੀ ਸਰਗਰਮੀ ਸਬੰਧੀ ਜਾਂਚ ਕੀਤੀ ਜਾਵੇਗੀ, ਜਦਕਿ ਕੈਨੇਡਾ 'ਚ ਬੈਠੇ ਗੈਂਗਸਟਰ ਵੀ ਐੱਨਆਈਏ ਦੀ ਰਾਡਾਰ 'ਤੇ ਹੋਣਗੇ। ਪੁਲੀਸ ਅਧਿਕਾਰੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਪਹਿਲਾਂ ਹੀ ਮੰਨ ਚੁੱਕੀ ਹੈ ਕਿ ਵਿਦੇਸ਼ੀ ਧਰਤੀ 'ਤੇ ਬੈਠੇ ਗੈਂਗਸਟਰ ਨੌਜਵਾਨਾਂ ਨੂੰ ਪੈਸੇ ਦੇ ਕੇ ਉਥੇ ਵਸਣ ਦਾ ਲਾਲਚ ਦੇ ਕੇ ਉਨ੍ਹਾਂ ਤੋਂ ਹਿੰਸਕ ਕਾਰਵਾਈਆਂ ਕਰਵਾ ਰਹੇ ਹਨ। ਮਾਨਸਾ ਦੇ ਐੱਸਐੱਸਪੀ ਗੌਰਵ ਤੂਰਾ ਨੇ ਦੱਸਿਆ ਕਿ ਪੁਲੀਸ ਵੱਲੋਂ ਕੀਤੀ ਗਈ ਪੁੱਛ-ਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਇਹ ਗੈਂਗਸਟਰ ਵਾਰਦਾਤਾਂ ਨੂੰ ਅੰਜਾਮ ਦੇਣ ਤੋਂ ਬਾਅਦ ਇੱਕ ਤੋਂ ਵੱਧ ਸੂਬਿਆਂ ਵਿੱਚ ਲੁਕਣ ਦੀਆਂ ਥਾਵਾਂ ਵਰਤਦੇ ਹਨ ਤੇ ਹੋਰਨਾਂ ਗਰੋਹਾਂ ਨਾਲ ਮਿਲ ਕੇ ਵੱਡੀਆਂ ਹਿੰਸਕ ਵਾਰਦਾਤਾਂ ਨੂੰ ਅੰਜਾਮ ਦੇਣ ਦੀਆਂ ਵਿਉਂਤਾਂ ਘੜਦੇ ਹਨ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਪੰਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey
Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੂਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

ਬੀ.ਸੀ. ਪੁਲਿਸ ਵੱਲੋਂ 11 ਬਦਨਾਮ ਗੈਂਗਸਟਰਾਂ ਦੀ ਸੂਚੀ ਜਾਰੀ-ਲੋਕਾਂ ਨੂੰ ਚੌਕਸ ਰਹਿਣ ਦੀ ਚੇਤਾਵਨੀ

ਵੈਨਕੂਵਰ-ਬੀਸੀ ਦੀ ਵਿਸ਼ੇਸ਼ ਪੁਲਿਸ ਗੈਂਗ ਟਾਸਕ ਫੋਰਸ ਨੇ 11 ਜਾਣੇ-ਪਛਾਣੇ ਗੈਂਗਸਟਰਾਂ ਬਾਰੇ ਚਿਤਾਵਨੀ ਦਿੱਤੀ ਹੈ ਜਿਹੜੇ ਜਨਤਕ ਸੁਰੱਖਿਆ ਲਈ ਖ਼ਤਰਾ ਹਨ। 2021 ਦੇ ਚਾਰ ਗੈਂਗਸਟਰਾਂ ਜਿਨ੍ਹਾਂ ਨੂੰ ਇਸ ਸਾਲ ਦੀ ਸੂਚੀ ਵਿਚ ਸ਼ਾਮਿਲ ਨਹੀਂ ਕੀਤਾ ਗਿਆ ਉਨ੍ਹਾਂ ਵਿਚ ਮੇਨਿੰਦਰ ਧਾਲੀਵਾਲ ਜਿਸ ਨੂੰ 24 ਜੁਲਾਈ ਨੂੰ ਵਿਸਲਰ ਵਿਚ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ, ਬਰਦਰਜ਼ ਕੀਪਰਜ਼ ਮੈਂਬਰ ਮਿਨ ਜ਼ਿਨ ਜਿਹੜਾ ਸੌਲਟ ਸਟੀ ਵਿਚ ਪਿਛਲੇ ਸਾਲ ਅਗਸਤ ਮਹੀਨੇ ਸ਼ੱਕੀ ਓਵਰਡੋਜ਼ ਨਾਲ ਮਰ ਗਿਆ ਸੀ ਤੇ ਵੋਲਫ ਪੈਕ ਲੀਡਰ ਡੈਮੀਅਨ ਰਿਆਨ ਸ਼ਾਮਿਲ ਹੈ ਜਿਸ ਨੂੰ ਇਸ ਸਾਲ ਮਾਰਚ ਮਹੀਨੇ ਵਿਨੀਪੈਗ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਚੌਥੇ ਗੈਂਗਸਟਰ ਅਲਬਰਟ ਡਾਰੀਓ ਬਾਰੇ ਕੋਈ ਤਾਜ਼ਾ ਵੇਰਵੇ ਨਹੀਂ ਦਿੱਤੇ ਗਏ। ਸ਼ਕੀਲ ਬਸਰਾ 28 ਸਾਲ, ਬਰਿੰਦਰ ਧਾਲੀਵਾਲ 39, ਸਮਰੂਪ ਗਿੱਲ 29, ਸਮਦੀਸ਼ ਗਿੱਲ 28, ਅਮਰਪ੍ਰੀਤ ਸਮਰਾ 28, ਰਵਿੰਦਰ ਸਮਰਾ 35 ਅਤੇ 40 ਸਾਲਾ ਰਿਚਰਡ ਜੋਸਫ ਵਿਟਲੌਕ ਇਸ ਸਾਲ ਦੇ ਗੈਂਗਸਟਰਾਂ ਦੀ ਸੂਚੀ ਵਿਚ ਸ਼ਾਮਿਲ ਹਨ। ਕੰਬਾਈਂਡ ਫੋਰਸਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਦਾ ਕਹਿਣਾ ਕਿ ਇਹ ਸਾਰੇ ਵਿਅਕਤੀ ਲਗਾਤਾਰ ਗੈਂਗ ਵਿਵਾਦਾਂ ਵਿਚ ਸ਼ਾਮਿਲ ਰਹੇ ਹਨ। ਯੂਨਿਟ ਦੇ ਬੁਲਾਰੇ ਸਾਰਜੈਂਟ ਬਰੇਂਡਾ ਵਿਨਪੇਨੀ ਨੇ ਕਿਹਾ ਕਿ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਪੁਲਿਸ ਜਾਣਦੀ ਹੈ ਅਤੇ ਇਹ ਉੱਚ ਪੱਧਰੀ ਗੈਂਗ ਅਤੇ ਸੰਗਠਿਤ ਅਪਰਾਧ ਨਾਲ ਸਬੰਧਤ ਹਿੰਸਾ ਨਾਲ ਜੁੜੇ ਹੋਏ ਹਨ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਨ੍ਹਾਂ ਵਿਅਕਤੀਆਂ ਨਾਲ ਨੇੜਤਾ ਰੱਖਣ ਵਾਲਾ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਸਕਦਾ ਹੈ। ਇਸ ਚਿਤਾਵਨੀ ਦਾ ਉਦੇਸ਼ ਪਰਿਵਾਰ, ਦੋਸਤ, ਸਹਿਯੋਗੀ ਤੇ ਜਨਤਾ ਹੈ ਤਾਂ ਜੋ ਉਹ ਆਪਣੀ ਨਿੱਜੀ ਸਰੁੱਖਿਆ ਲਈ ਉਪਾਅ ਕਰ ਸਕਣ।

ਪਾਰਲੀਮੈਂਟ ਹਿਲ ਨੂੰ ਟੱਕਰ ਮਾਰਨ ਦੀ ਘਟਨਾ ਪਿੱਛੋਂ 29 ਸਾਲਾ ਵਿਅਕਤੀ ਖਿਲਾਫ ਦੋਸ਼ ਆਇਦ

ਓਟਵਾ-ਬੁੱਧਵਾਰ ਤੜਕੇ ਦੀ ਘਟਨਾ ਜਿਸ ਵਿਚ ਪਾਰਲੀਮੈਂਟ ਹਿਲ ਦੇ ਗੇਟ ਵਿਚ ਇਕ ਮੋਟਰ ਗੱਡੀ ਨਾਲ ਟੱਕਰ ਮਾਰੀ ਗਈ ਸੀ ਪਿੱਛੋਂ ਓਟਵਾ ਦਾ 29 ਸਾਲਾ ਵਿਅਕਤੀ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਓਟਵਾ ਪੁਲਿਸ ਨੇ ਦੱਸਿਆ ਕਿ ਬੁੱਧਵਾਰ ਕਿਸੇ ਵਿਅਕਤੀ ਨੇ ਤੜਕੇ 3.30 ਵਜੇ ਦੇ ਕਰੀਬ ਅਣਅਧਿਕਾਰਤ ਮੋਟਰ ਗੱਡੀ ਵੇਲਿੰਗਟਨ ਸਟਰੀਟ ਵਿਖੇ ਸਾਹਮਣੇ ਵਾਲੇ ਗੇਟਾਂ ਵਿਚ ਮਾਰੀ ਪਰ ਉਹ ਅੱਗੇ ਜਾਣ ਵਿਚ ਅਸਮਰੱਥ ਰਿਹਾ ਹੈ ਕਿਉਂਕਿ ਸੁਰੱਖਿਆ ਬੁਨਿਆਦੀ ਢਾਂਚਾ ਮੌਜੂਦ ਸੀ। ਟੱਕਰ ਨਾਲ ਗੇਟ ਨੂੰ ਮਾਮੂਲੀ ਨੁਕਸਾਨ ਪੁੱਜਾ ਅਤੇ ਨੇੜਲੇ ਇਕ ਅਫਸਰ ਨੇ ਡਰਾਈਵਰ ਨੂੰ ਬਿਨ੍ਹਾਂ ਕਿਸੇ ਘਟਨਾ ਦੇ ਗ੍ਰਿਫ਼ਤਾਰ ਕਰ ਲਿਆ। ਪਾਰਲੀਮੈਂਟ ਬਿਲਡਿੰਗਸ ਦੇ ਸਾਹਮਣੇ ਵੇਲਿੰਗਟਨ ਸਟਰੀਟ ਓਟਵਾ ਪੁਲਿਸ ਦੇ ਅਧਿਕਾਰ ਖੇਤਰ ਵਿਚ ਆਉਂਦੀ ਹੈ। ਅਫਸਰ ਪਾਰਲੀਮੈਂਟਰੀ ਪ੍ਰੋਟੈਕਟਿਵ ਸਰਵਿਸ ਨਾਲ ਮਿਲ ਕੇ ਕੰਮ ਕਰ ਰਹੇ ਹਨ। ਅਦਾਲਤੀ ਦਸਤਾਵੇਜ਼ਾਂ ਵਿਚ ਦੋਸ਼ੀ ਦੀ ਪਛਾਣ ਓਟਵਾ ਦੇ 29 ਸਾਲਾ ਮੈਕਸਵੈਲ ਪੈਟ ਵਜੋਂ ਕੀਤੀ ਗਈ ਹੈ। ਪੈਟ 'ਤੇ ਖ਼ਤਰਨਾਕ ਡਰਾਈਵਿੰਗ ਕਰਨ ਅਤੇ ਪ੍ਰਾਪਰਟੀ ਨਾਲ ਸ਼ਰਾਰਤ ਕਰਨ ਦਾ ਦੋਸ਼ ਲਗਾਇਆ ਗਿਆ ਹੈ।

ਬੀਸੀ ਦੇ ਹਾਊਸਿੰਗ ਸੀਈਓ ਆਪਣੀ ਸੁਰੱਖਿਆ ਨੂੰ ਖਤਰੇ ਤੇ ਪ੍ਰਣਾਲੀ ਸਬੰਧੀ ਸਮੱਸਿਆਵਾਂ ਦਾ ਹਵਾਲਾ ਦਿੰਦਿਆਂ ਸੇਵਾ ਮੁਕਤ

ਵਿਕਟੋਰੀਆ-ਬੀਸੀ ਹਾਊਸਿੰਗ ਦੇ ਚੀਫ ਐਗਜ਼ੀਕਿਊਟਿਵ ਅਫਸਰ ਸੇਵਾ ਮੁਕਤ ਹੋ ਗਿਆ ਹੈ ਅਤੇ ਕਿਹਾ ਕਿ ਉਹ ਸੰਗਠਨ ਨੂੰ ਦਰਪੇਸ਼ ਅਣਗਿਣਤ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦਾ ਹੈ ਅਤੇ ਆਪਣੀ ਖੁਦ ਦੀ ਸੁਰੱਖਿਆ ਬਾਰੇ ਚਿੰਤਤ ਹੈ। ਕਿਫਾਇਤੀ-ਹਾਊਸਿੰਗ ਐਡਵੋਕੇਟਸ ਨੇ ਕਿਹਾ ਕਿ ਉਸ ਦਾ ਐਲਾਨ ਉਨ੍ਹਾਂ ਦੀ ਆਸ ਨਾਲੋਂ ਜ਼ਿਆਦਾ ਚਾਣਚੱਕ ਸੀ ਅਤੇ ਅਗਲਾ ਸੀਈਓ ਨੂੰ ਚੁਣੌਤੀਆਂ ਦੇ ਇਕ ਵੱਡੇ ਸਮੂਹ ਦਾ ਸਾਹਮਣਾ ਕਰਨਾ ਪਵੇਗਾ। ਇਕ ਲੰਬੇ ਬਿਆਨ ਵਿਚ ਸ਼ੋਨ ਰਾਮਸੇ ਨੇ ਕਿਹਾ ਕਿ ਜਦੋਂ ਉਸ ਨੇ ਮਈ ਵਿਚ ਕਰੈਬ ਪਾਰਕ ਨੇੜੇ ਬੀਚ 'ਤੇ ਕਤਲ ਦੇਖਿਆ ਤਾਂ ਕੁਝ ਤਬਦੀਲੀ ਆਈ। ਪਿਛਲੇ ਹਫ਼ਤੇ ਦੋ ਬੇਘਰ ਵਿਅਕਤੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਰਾਮਸੇ ਨੇ ਇਕ ਛੋਟੇ ਪਰ ਰੌਲਾ ਪਾਉਣ ਵਾਲੇ ਗਰੁੱਪ 'ਤੇ ਸੋਸ਼ਲ ਹਾਊਸਿੰਗ ਦੇ ਵਿਰੋਧ ਦਾ ਦੋਸ਼ ਲਗਾਇਆ ਜਿਸ ਦਾ ਇਸ ਦੇ ਖਿਲਾਫ ਗੁੱਸਾ ਵਧ ਰਿਹਾ ਹੈ ਜਦਕਿ ਬੇਘਰੇ ਲੋਕ ਲੋੜੀਂਦੇ ਮਕਾਨਾਂ ਦੀ ਘਾਟ ਕਾਰਨ ਸੜਕਾਂ 'ਤੇ ਭਿਆਨਕ ਜ਼ਿੰਦਗੀ ਦਾ ਸਾਹਮਣਾ ਕਰ ਰਹੇ ਹਨ। ਉਸ ਨੂੰ ਭਰੋਸਾ ਨਹੀਂ ਰਿਹਾ ਕਿ ਉਹ ਸਾਨੂੰ ਦਰਪੇਸ਼ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰ ਸਕੇਗਾ। ਰਾਮਸੇ ਜਿਹੜਾ ਹੁਣ 61 ਸਾਲ ਦਾ ਹੈ ਨੇ ਬੀਸੀ ਹਾਊਸਿੰਗ ਵਿਚ 26 ਸਾਲ ਕੰਮ ਕੀਤਾ ਹੈ। ਉਸ ਦਾ ਆਖਰੀ ਦਿਨ 6 ਸਤੰਬਰ ਹੋਵੇਗਾ।

ਐਕਸਪ੍ਰੈਸ ਐਂਟਰੀ-ਕੈਨੇਡਾ ਨੇ 533 ਸੀਆਰਐਸ ਸਕੋਰ ਵਾਲੇ 2000 ਉਮੀਦਵਾਰਾਂ ਨੂੰ ਦਿੱਤਾ ਸੱਦਾ

ਓਟਵਾ-ਕੈਨੇਡਾ ਨੇ 3 ਅਗਸਤ 2022 ਨੂੰ ਕੱਢੇ ਤਾਜ਼ਾ ਐਕਸਪ੍ਰੈਸ ਐਂਟਰੀ ਡਰਾਅ ਵਿਚ 2000 ਉਮੀਦਵਾਰਾਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਲਈ ਅਪਲਾਈ ਕਰਨ ਦਾ ਸੱਦਾ ਦਿੱਤਾ ਹੈ। ਐਕਸਪ੍ਰੈਸ ਐਂਟਰੀ ਨਵੇਂ ਆਉਣ ਵਾਲੇ ਹੁਨਰਮੰਦਾਂ ਲਈ ਕੈਨੇਡਾ ਦੇ ਸਭ ਤੋਂ ਪ੍ਰਮੁੱਖ ਇਮੀਗ੍ਰੇਸ਼ਨ ਰਸਤਿਆਂ ਵਿਚੋਂ ਇਕ ਹੈ। ਉਨ੍ਹਾਂ ਉਮੀਦਵਾਰਾਂ ਨੂੰ ਸੱਦੇ ਜਾਰੀ ਕੀਤੇ ਗਏ ਹਨ ਜਿਨ੍ਹਾਂ ਨੇ ਕੰਪਰੀਹੈਂਸਿਵ ਰੈਂਕਿੰਗ ਸਿਸਟਮ (ਸੀਆਰਐਸ) ਵਿਚ ਘੱਟੋ ਘੱਟ 533 ਸਕੋਰ ਹਾਸਲ ਕੀਤੇ ਹਨ। ਇਸ ਡਰਾਅ ਲਈ ਕੋਈ ਪ੍ਰੋਗਰਾਮ ਨਿਰਧਾਰਤ ਨਹੀਂ ਕੀਤਾ ਗਿਆ ਜਿਸ ਦਾ ਮਤਲਬ ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀਈਸੀ) ਅਤੇ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ (ਐਫਐਸਡਬਲਯੂਪੀ) ਤੋਂ ਉਮੀਦਵਾਰ ਸੱਦੇ ਜਾਣ ਲਈ ਯੋਗ ਹਨ। ਇਸ ਡਰਾਅ ਵਿਚ ਘੱਟੋ ਘੱਟ ਸੀਆਰਐਸ ਦੀ ਲੋੜ ਪਿਛਲੇ ਡਰਾਅ ਨਾਲੋਂ 9 ਅੰਕ ਘੱਟ ਸੀ ਜਿਹੜਾ 20 ਜੁਲਾਈ ਨੂੰ ਕੱਢਿਆ ਗਿਆ ਸੀ ਇਸ ਤੋਂ ਇਲਾਵਾ ਪਿਛਲੇ ਡਰਾਅ ਨਾਲੋਂ 250 ਹੋਰ ਉਮੀਦਵਾਰ ਨੂੰ ਸੱਦਾ ਦਿੱਤਾ ਗਿਆ ਜਦੋਂ ਉਸ ਡਰਾਅ ਵਿਚ 1750 ਉਮੀਦਵਾਰ ਨੂੰ ਅਪਲਾਈ ਕਰਨ ਦਾ ਸੱਦਾ ਮਿਲਿਆ ਸੀ।

EVERSHINE DENTISTRY
EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla

Get your Mortgage approved from the
CANADA'S TOP #26 MORTGAGE BROKER
2022 TOP 75 BROKERS CMP
• Purchase • Renewal • Refinance
• Construction & Farm Mortgages
4.10%* 5 Years Variable Closed *Conditions Apply.
GET CASH BACK UPTO $3,000*
RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
BBB ACCREDITED BUSINESS
An Independent Insurance Broker Covers You Best
We Are Specialist In Setting Up New Prorate Co, Fleet, Cargo
Autoplan

Dwelling	Contents	Liability	Annual Premium
400,000	280,000	1,000,000	395
500,000	350,000	1,000,000	512
600,000	420,000	1,000,000	607
700,000	490,000	1,000,000	702

*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Ask for Special Rate for Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available

ਤਾਲਿਬਾਨ ਵਲੋਂ ਅਲਕਾਇਦਾ ਨੇਤਾ ਜਵਾਹਰੀ ਨੂੰ ਮਾਰਨ ਦੇ ਅਮਰੀਕੀ ਦਾਅਵੇ ਦੀ ਜਾਂਚ

ਕਾਬੁਲ-ਤਾਲਿਬਾਨ ਅਮਰੀਕਾ ਦੇ ਇਸ ਦਾਅਵੇ ਦੀ ਜਾਂਚ ਕਰ ਰਿਹਾ ਹੈ ਕਿ ਕਾਬੁਲ ਵਿਚ ਅਮਰੀਕੀ ਡਰੋਨ ਹਮਲੇ ਵਿਚ ਅਲਕਾਇਦਾ ਨੇਤਾ ਅਯਮਨ ਅਲ-ਜਵਾਹਰੀ ਮਾਰਿਆ ਗਿਆ ਹੈ ਅਤੇ ਤਾਲਿਬਾਨ ਦੇ ਇਕ ਅਧਿਕਾਰੀ ਨੇ ਸੰਕੇਤ ਦਿੱਤਾ ਕਿ ਗਰੁੱਪ ਦੀ ਲੀਡਰਸ਼ਿਪ ਨੂੰ ਉਸ ਦੇ ਇਥੇ ਮੌਜੂਦਗੀ ਬਾਰੇ ਜਾਣਕਾਰੀ ਨਹੀਂ ਸੀ। ਅਮਰੀਕਾ ਨੇ ਜ਼ਵਾਹਰੀ ਨੂੰ ਡਰੋਨ ਹਮਲੇ ਨਾਲ ਉਸ ਸਮੇ ਮਾਰ ਦਿੱਤਾ ਜਦੋਂ ਉਹ ਆਪਣੀ ਕਾਬੁਲ ਛੁਪਣਗਾਹ ਦੀ ਬਾਲਕੋਨੀ ਵਿਚ ਖੜਾ ਸੀ। ਅਮਰੀਕੀ ਅਧਿਕਾਰੀਆਂ ਨੇ ਇਕ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਓਸਾਮਾ ਬਿਨ ਲਾਦੇਨ ਨੂੰ ਗੋਲੀ ਮਾਰ ਕੇ ਮਾਰ ਦੇਣ ਪਿੱਛੋਂ ਅੱਤਵਾਦੀਆਂ ਲਈ ਇਸ ਨੂੰ ਸਭ ਤੋਂ ਵੱਡਾ ਝਟਕਾ ਆਖਿਆ ਹੈ। ਸੰਯੁਕਤ ਰਾਸ਼ਟਰ ਲਈ ਤਾਲਿਬਾਨ ਦੇ ਮਨੋਨੀਤ ਪ੍ਰਤੀਨਿਧ ਸੁਹੇਲ ਸ਼ਾਹੀਨ ਜਿਹੜਾ ਦੋਹਾ ਵਿਚ ਰਹਿੰਦਾ ਹੈ ਨੇ ਪੱਤਰਕਾਰਾਂ ਨੂੰ ਇਕ ਸੁਨੇਹੇ ਵਿਚ ਕਿਹਾ ਕਿ ਸਰਕਾਰ ਤੇ ਲੀਡਰਸ਼ਿਪ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਕੀ ਦਾਅਵਾ ਕੀਤਾ ਜਾ ਰਿਹਾ ਹੈ ਨਾ ਹੀ ਕੋਈ ਉਥੇ ਨਿਸ਼ਾਨ ਹੈ। ਉਨ੍ਹਾਂ ਕਿਹਾ ਕਿ ਦਾਅਵਿਆਂ ਦੀ ਸਚਾਈ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਦੇ ਨਤੀਜੇ ਜਨਤਕ ਕੀਤੇ ਜਾਣਗੇ। ਤਾਲਿਬਾਨ ਦੇ ਨੇਤਾਵਾਂ ਨੇ ਐਤਵਾਰ ਦੇ ਡਰੋਨ ਹਮਲੇ ਬਾਰੇ ਕਾਫੀ ਹੱਦ ਤਕ ਚੁੱਪ ਧਾਰੀ ਹੋਈ ਹੈ ਅਤੇ ਕਾਬੁਲ ਵਿਚ ਜਵਾਹਰੀ ਦੀ ਮੌਜੂਦਗੀ ਜਾਂ ਮੌਤ ਦੀ ਪੁਸ਼ਟੀ ਨਹੀਂ ਕੀਤੀ। ਤਾਲਿਬਾਨ ਨੇਤਾ ਇਸ ਗੱਲ ਬਾਰੇ ਲੰਬੀ ਚਰਚਾ ਕਰ ਰਹੇ ਹਨ ਕਿ ਅਮਰੀਕੀ ਡਰੋਨ ਹਮਲੇ ਦਾ ਕਿਵੇਂ ਜਵਾਬ ਦਿੱਤਾ ਜਾਵੇ। ਮਿਸਰ ਦਾ ਡਾਕਟਰ ਜ਼ਵਾਹਰੀ ਅਮਰੀਕਾ ਵਿਚ 11 ਸਤੰਬਰ 2001 ਦੇ ਅੱਤਵਾਦੀ ਹਮਲੇ ਨਾਲ ਨੇੜਿਓਂ ਸ਼ਾਮਿਲ ਸੀ ਅਤੇ ਵਿਸ਼ਵ ਦੇ ਸਭ ਤੋਂ ਵੱਧ ਲੋੜੀਂਦੇ ਵਿਅਕਤੀਆਂ ਵਿਚੋਂ ਇਕ ਸੀ।

ਗਰਸਿਮਰਨ ਸਹੋਤਾ ਤੇ ਤਨਵੀਰ ਖੱਖ ਖਿਲਾਫ ਸਤਿੰਦਰ ਗਿੱਲ ਤੇ ਮੇਨਿੰਦਰ ਧਾਲੀਵਾਲ ਦੇ ਕਤਲਾਂ ਦਾ ਦੋਸ਼

ਸਰੀ-ਵਿਸਲਰ ਵਿਚ ਸਤਿੰਦਰ ਗਿੱਲ ਤੇ ਮੇਨਿੰਦਰ ਧਾਲੀਵਾਲ ਦੇ ਹੋਏ ਕਤਲ ਦੇ ਸਬੰਧ ਵਿਚ ਸਰੀ ਦੇ ਦੋ ਵਿਅਕਤੀਆਂ 24 ਸਾਲਾ ਗੁਰਸਿਮਰਨ ਸਹੋਤਾ ਤੇ 20 ਸਾਲਾ ਤਨਵੀਰ ਖੱਖ ਖਿਲਾਫ ਫਸਟ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਇੰਟੀਗਰੇਟਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਬੁਲਾਰੇ ਸਾਰਜੈਂਟ ਡੇਵਿਡ ਲੀ ਨੇ ਕਿਹਾ ਕਿ ਇਹ ਘਿਨਾਉਣੀ ਕਾਰਵਾਈ ਸੀ ਅਤੇ ਆਉਣ ਵਾਲੇ ਲੋਕਾਂ ਤੇ ਵਿਸਲਰ ਦੇ ਭਾਈਚਾਰੇ ਲਈ ਸਦਮਾ ਸੀ। ਖੱਖ ਤੇ ਸਹੋਤਾ ਦੇ ਨਾਲ ਤਿੰਨ ਹੋਰ ਵਿਅਕਤੀਆਂ ਨੂੰ ਵੀ ਇਨ੍ਹਾਂ ਕਤਲਾਂ ਦੇ ਸਬੰਧ ਵਿਚ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਕਤਲ ਵਿਚ ਕਿਸ ਹੱਦ ਤਕ ਸ਼ਮੂਲੀਅਤ ਹੈ ਇਸ ਗੱਲ ਦਾ ਪਤਾ ਲਗਾਇਆ ਜਾ ਰਿਹਾ ਹੈ। 24 ਜੁਲਾਈ ਨੂੰ ਸੀ-ਟੂ-ਸਕਾਈ ਆਰਸੀਐਮਪੀ ਨੂੰ ਦੁਪਹਿਰ 12.19 ਵਜੇ ਵਿਸਲਰ ਵਿਚ ਸਨਡਿਆਲ ਬੁਟੀਕ ਹੋਟਲ ਵਿਖੇ ਗੋਲੀ ਚੱਲਣ ਦੀ ਰਿਪੋਰਟ ਮਿਲੀ ਸੀ। ਧਾਲੀਵਾਲ ਲੈਂਗਲੀ ਅਤੇ ਗਿੱਲ ਰਿਚਮੰਡ ਵਿਚ ਰਹਿੰਦਾ ਸੀ ਪਰ ਬਾਅਦ ਵਿਚ ਉਹ ਕਿਸੇ ਹੋਰ ਥਾਂ ਚਲੇ ਗਏ ਸੀ। ਦੋਵਾਂ ਨੂੰ ਪੁਲਿਸ ਜਾਣਦੀ ਸੀ। ਮੇਨਿੰਦਰ ਧਾਲੀਵਾਲ ਉਨ੍ਹਾਂ ਕਈ ਵਿਅਕਤੀਆਂ ਵਿਚੋਂ ਇਕ ਸੀ ਜਿਸ ਦੀ ਕੰਬਾਈਂਡ ਫੋਰਸਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਨੇ ਗੈਂਗਾਂ ਨਾਲ ਜੁੜੇ ਹੋਣ ਕਾਰਨ ਜਨਤਕ ਸਰੁੱਖਿਆ ਲਈ ਵੱਡੇ ਖ਼ਤਰੇ ਵਜੋਂ ਪਛਾਣ ਕੀਤੀ ਸੀ।

ਨਾਨੈਮੋ ਗੋਲੀਬਾਰੀ ਵਿਚ 43 ਸਾਲਾ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ

ਵਿਕਟੋਰੀਆ-ਨੈਨਾਇਮੋ ਵਿਚ 43 ਸਾਲਾ ਵਿਅਕਤੀ ਗੋਲੀਬਾਰੀ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਕਈ ਲੋਕਾਂ ਵਲੋਂ ਹਾਈਵੇਅ ਦੇ ਪੱਛਮ ਵਾਲੇ ਪਾਸੇ ਇਕ ਵਿਅਕਤੀ ਨੂੰ ਪਿਆ ਦੇਖਣ ਪਿੱਛੋਂ ਨੌਰਥਫੀਲਡ ਅਤੇ ਨੈਨਾਇਮੋ ਪਾਰਕਵੇਅ ਇਲਾਕੇ ਵਿਚ ਆਰਸੀਐਮਪੀ ਨੂੰ ਸ਼ਾਮ 3.30 ਵਜੇ ਬੁਲਾਇਆ ਗਿਆ ਸੀ। ਗੋਲੀ ਲੱਗਣ ਨਾਲ ਗੰਭੀਰ ਜ਼ਖ਼ਮੀ ਹੋਏ 43 ਸਾਲਾ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੀੜਤ ਨੂੰ ਹਵਾਈ ਜਹਾਜ਼ ਰਾਹੀਂ ਵਿਕਟੋਰੀਆ ਹਸਪਤਾਲ ਲਿਜਾਇਆ ਗਿਆ। ਆਰਸੀਐਮਪੀ ਦੇ ਬੁਲਾਰੇ ਕੰਸਟੇਬਲ ਗੈਰੀ ਓਬ੍ਰਾਇਨ ਨੇ ਦੱਸਿਆ ਕਿ ਜਾਂਚ ਅਧਿਕਾਰੀਆਂ ਨੇ ਗੋਲੀਬਾਰੀ ਦੇ ਸ਼ੱਕੀ ਦੀ ਪਛਾਣ ਕਰ ਲਈ ਅਤੇ ਸ਼ੱਕੀ ਨੇੜੇ ਹੀ ਮੌਜੂਦ ਸੀ ਅਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਹੈ।

ਲਾਪਤਾ ਔਰਤ ਦੀ ਡਾਊਨਟਾਊਨ ਈਸਟਸਾਈਡ ਵਿਚ ਲਾਸ਼ ਮਿਲੀ

ਵੈਨਕੂਵਰ-ਮੂਲਵਾਸੀ ਲਾਪਤਾ ਹੋਈ ਔਰਤ ਕਵੇਮ ਮੈਨੁਅਲ ਗੌਟਫ੍ਰੀਡਸਨ ਦੀ ਡਾਊਨਟਾਊਸ ਈਸਟਸਾਈਡ ਵਿਚ ਲਾਸ਼ ਮਿਲੀ ਹੈ। ਪਰਿਵਾਰ ਵਲੋਂ ਉਸ ਦੇ ਲਾਪਤਾ ਹੋਣ ਬਾਰੇ ਰਿਪੋਰਟ ਕਰਨ ਪਿੱਛੋਂ ਮੈਨੁਅਲ ਗੌਟਫ੍ਰੀਡਸਨ ਦੀ ਈਸਟ ਹੇਸਟਿੰਗਸ ਸਟਰੀਟ ਅਤੇ ਹਾਕਸ ਐਵੀਨਿਊ ਨੇੜੇ ਇਕ ਇਮਾਰਤ ਅੰਦਰੋਂ 30 ਜੁਲਾਈ ਨੂੰ ਲਾਸ਼ ਮਿਲੀ ਸੀ। ਦੋ ਦਿਨ ਪਹਿਲਾਂ ਇਕ ਵਿਅਕਤੀ ਦੇ ਲਾਪਤਾ ਹੋਣ ਬਾਰੇ ਪੋਸਟਰ ਵੰਡੇ ਗਏ ਸਨ। ਵੈਨਕੂਵਰ ਪੁਲਿਸ ਨੇ ਮੀਡੀਆ ਕੋਲ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਸ ਦੀ ਮੌਤ ਦੀ ਵੀਪੀਡੀ ਦੇ ਮੇਜਰ ਕਰਾਈਮ ਸੈਕਸ਼ਨ ਵਲੋਂ ਜਾਂਚ ਕੀਤੀ ਜਾ ਰਹੀ ਹੈ। ਬੀਸੀ ਕੋਰੋਨਰ ਦੀ ਸਰਵਿਸ ਵੀ ਜਾਂਚ ਕਰ ਰਹੀ ਹੈ। ਮੈਨੁਅਲ ਗੌਟਫ੍ਰਾਈਡਸਨ ਦੀ ਲਾਸ਼ ਹੀਟਲੀ ਬਲੌਕ ਹੋਟਲ ਜਿਥੇ ਮਈ ਵਿਚ 14 ਸਾਲਾ ਨੋਇਲੇ ਓਸ਼ੂਪ ਤੇ ਇਕ ਹੋਰ ਔਰਤ ਦੀ ਲਾਸ਼ ਮਿਲੀ ਸੀ ਦੇ ਪੂਰਬ ਵਿਚ ਇਕ ਬਲਾਕ ਵਿਚੋਂ ਮਿਲੀ ਹੈ। ਦੋ ਮਹੀਨੇ ਪਹਿਲਾਂ ਉਸੇ ਕਮਰੇ ਵਿਚੋਂ ਇਕ ਵਿਅਕਤੀ ਦੀ ਲਾਸ਼ ਵੀ ਮਿਲੀ ਸੀ। ਇਸੇ ਦੌਰਾਨ ਵੈਨਕੂਵਰ ਪੁਲਿਸ ਇਕ 20 ਸਾਲਾ ਮੂਲਵਾਸੀ ਔਰਤ ਟੌਟਿਆਨਾ ਹੈਰੀਸਨ ਦੀ ਭਾਲ ਕਰ ਰਹੀ ਹੈ ਜਿਹੜੀ ਤਿੰਨ ਮਹੀਨੇ ਪਹਿਲਾਂ ਲਾਪਤਾ ਹੋ ਗਈ ਸੀ ਅਤੇ ਆਖਰੀ ਵਾਰ ਡੀਟੀਈਐਸ ਵਿਚ ਦੇਖੀ ਗਈ ਸੀ।

ਪ੍ਰਾਇਵੇਟ ਲੋਨ
ਸੈਕਿੰਡ ਮੌਰਗੇਜ਼
72 ਘੰਟਿਆਂ 'ਚ
ਪ੍ਰਾਇਵੇਟ ਮੌਰਗੇਜ
$20,000-$100,000
up to
85%
Loan
To Value
Lower Mainland & Vancouver Island
House, Townhouse , Condo, Truck Trailers,
Consumer Debt, Consumer Loan Consolidations,
Consumer Proposal Payout
New Immigrants Need Security
Full Employment.
Kulwinder Kaur
778-712-0911
DDS: Diverse Debt Solutions Ltd.
unit # 205-12899-76 Ave. Surrey

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ

• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

ਪੋਪ ਵਲੋਂ ਕੈਨੇਡਾ ਦੀ ਧਰਤੀ ਤੇ ਮੂਲਨਿਵਾਸੀਆਂ ਤੋਂ ਮੁਆਫੀ

ਧਰਮ ਦੀ ਆੜ ਹੇਠ ਬਸਤੀਵਾਦੀ ਸੋਚ ਦੇ ਬੜਾਵੇ ਲਈ ਜਿੰਮੇਵਾਰ ਕੌਣ...?

ਸੁਖਵਿੰਦਰ ਸਿੰਘ ਚੋਹਲਾ

ਕੈਨੇਡਾ ਦੇ ਮੂਲਨਿਵਾਸੀਆਂ ਦੇ ਲਗਾਤਾਰ ਦਬਾਅ ਉਪਰੰਤ ਆਖਰ ਪੋਪ ਫਰਾਂਸਿਸ ਨੇ ਕੈਨੇਡਾ ਦੀ ਧਰਤੀ ਉਪਰ ਆਕੇ ਕੈਥੋਲਿਕ ਚਰਚ ਅਧੀਨ ਸਾਬਕਾ ਰਿਹਾਇਸ਼ੀ ਸਕੂਲਾਂ ਵਿਚ ਆਦਿਵਾਸੀ ਬੱਚਿਆਂ ਉਪਰ ਜੁਲਮ ਤੇ ਦੁਖਾਂਤ ਲਈ ਮੁਆਫੀ ਮੰਗ ਲਈ। ਬੀਤੇ ਐਤਵਾਰ ਨੂੰ ਪੋਪ ਅਲਬਰਟਾ ਦੀ ਰਾਜਧਾਨੀ ਐਡਮਿੰਟਨ ਵਿਖੇ ਪੁੱਜੇ ਜਿਥੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਐਡਮਿੰਟਨ ਦੇ ਕਾਮਨਵੈਲਥ ਸਟੇਡੀਅਮ ਵਿਖੇ ਹਜਾਰਾਂ ਲੋਕਾਂ ਦੇ ਜੁੜੇ ਇਕੱਠ ਦੇ ਸਾਹਮਣੇ ਪੋਪ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਉਹ ਇਸਾਈਆਂ ਵੱਲੋਂ ਮੂਲਨਿਵਾਸੀ ਲੋਕਾਂ ਖ਼ਿਲਾਫ਼ ਕੀਤੇ ਗਏ ਜ਼ੁਲਮਾਂ ਲਈ ਮੁਆਫ਼ੀ ਮੰਗਦੇ ਹਨ। ਪੋਪ ਫਰਾਂਸਿਸ ਨੇ ਆਪਣਾ ਮੁਆਫੀਨਾਮਾ ਸਪੈਨਿਸ਼ ਵਿਚ ਪੜਿਆ ਜਿਸਦਾ ਅੰਗੇਰਜੀ ਉਲਥਾ ਕੀਤਾ ਗਿਆ। ਉਹਨਾਂ ਕਿਹਾ ਕਿ ਉਹ ਈਸਾਈਆਂ ਵਲੋ ਮੂਲਨਿਵਾਸੀ ਲੋਕਾਂ ਖਿਲਾਫ ਕੀਤੀਆਂ ਗਈਆਂ ਸਾਰੀਆਂ ਬੁਰਾਈਆਂ ਲਈ ਨਿਮਰਤਾ ਸਹਿਤ ਮੁਆਫੀ ਮੰਗਦੇ ਹਨ। ਉਹਨਾਂ ਹੋਰ ਕਿਹਾ ਮੈਨੂੰ ਉਸ ਲਈ ਪਛਤਾਵਾ ਹੈ ਜਿਸ ਢੰਗ ਤਰੀਕੇ ਨਾਲ ਕਈ ਈਸਾਈਆਂ ਨੇ ਸੱਤਾ ਦੀ ਬਸਤੀਵਾਸੀ ਸੋਚ ਦਾ ਸਮਰਥਨ ਕਰਦਿਆਂ ਆਦਿਵਾਸੀ ਲੋਕਾਂ ਉਪਰ ਜੁਲਮ ਕੀਤੇ, ਮੈ ਉਸ ਲਈ ਖਿਮਾ ਦਾ ਜਾਚਕ ਹਾਂ। ਪੋਪ ਨੇ ਆਪਣੀ ਮੁਆਫੀ ਵਿਚ ਇਹ ਵੀ ਕਿਹਾ ਕਿ ਉਹਨਾਂ ਵਲੋ ਕੈਨੇਡਾ ਦੀ ਯਾਤਰਾ ਤਹਿਤ ਮੂਲਵਾਸੀ ਭਾਈਚਾਰਿਆਂ ਦੇ ਰੂਬਰੂ ਹੁੰਦਿਆਂ ਇਹ ਗੱਲਬਾਤ ਦਾ ਅੰਤ ਨਹੀ ਹੈ। ਇਸ ਗੱਲਬਾਤ ਦੀ ਪ੍ਰਕਿਰਿਆ ਦਾ ਮਹੱਤਵਪੂਰਣ ਪਹਿਲੂ ਇਹ ਹੈ ਕਿ ਪਿਛਲੇ ਸਮੇਂ ਦੌਰਾਨ ਜੋ ਕੁਝ ਦੁਖਦਾਈ ਵਾਪਰਿਆ ਉਸਦੀ ਗੰਭੀਰ ਜਾਂਚ ਹੋਵੇ ਤੇ ਰਿਹਾਇਸ਼ੀ ਸਕੂਲਾਂ ਦੇ ਪੀੜਤਾਂ ਦੇ ਜ਼ਖਮਾਂ ਉਪਰ ਮਲਮ ਲਗਾਉਣ ਲਈ ਠੋਸ ਉਪਰਾਲੇ ਹੋਣ। ਪੋਪ ਦੇ ਇਹਨਾਂ ਸ਼ਬਦਾਂ ਦਾ ਇਕੱਠ ਨੇ ਤਾੜੀਆਂ ਦੀ ਗੂੰਜ ਵਿਚ ਸਵਾਗਤ ਕੀਤਾ ਤੇ ਇਸ ਦੌਰਾਨ ਹੀ ਆਦਿਵਾਸੀ ਮੁਖੀ ਵਿਲਟਨ ਮੰਚ ਉਪਰ ਆਏ ਤੇ ਉਹਨਾਂ ਪੋਪ ਦੇ ਸਿਰ ਉਪਰ ਆਦਿਵਾਸੀ ਮੁਕਟ ਪਹਿਨਾ ਦਿੱਤਾ। ਪੋਪ ਵਲੋ ਮੁਆਫੀ ਸਮਾਗਮ ਦੇ ਇਹਨਾਂ ਇਤਿਹਾਸਕ ਪਲਾਂ ਦਾ ਮੰਜ਼ਰ ਬਹੁਤ ਭਾਵੁਕ ਤੇ ਜ਼ਜਬਾਤੀ ਰਿਹਾ। ਇਕ ਮੂਲਨਿਵਾਸੀ ਔਰਤ ਨੇ ਜਦੋ ਪੋਪ ਸਾਹਮਣੇ ਆਪਣੀ ਕਰੀ ਭਾਸ਼ਾ ਵਿਚ ਕੈਨੇਡਾ ਦਾ ਕੌਮੀ ਗੀਤ ਓ ਕੈਨੇਡਾ ਗਾਇਆ ਤਾਂ ਉਸਦੇ ਅਥਰੂਆਂ ਦਾ ਸੈਲਾਬ ਪੂਰੇ ਸਮਾਗਮ ਨੂੰ ਭਾਵੁਕਤਾ ਦੇ ਸਮੁੰਦਰ ਵਿਚ ਵਹਾ ਲੈ ਗਿਆ। ਪੋਪ ਵਲੋ ਵਿਖਾਈ ਗਈ ਮਾਨਵੀ ਪੀੜਾ ਤੇ ਹਮਦਰਦੀ ਦੀ ਅਪੀਲ ਨਾਲ ਪੀੜਤਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲੱਗਣ ਦੀ ਉਮੀਦ ਜਤਾਈ ਜਾ ਰਹੀ ਹੈ ਅਤੇ ਕੈਥੋਲਿਕ ਚਰਚ ਦੀ ਮੂਲਨਿਵਾਸੀ ਲੋਕਾਂ ਨਾਲ ਸੁਲ੍ਹਾ ਹੋਣ ਦੀ ਵੀ ਸੰਭਾਵਨਾ ਬਣ ਗਈ ਹੈ। ਉਨ੍ਹਾਂ ਮੂਲਨਿਵਾਸੀ ਆਗੂਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਧਰਵਾਸ ਵੀ ਬੰਨ੍ਹਾਇਆ। ਇਸ ਤੋਂ ਪਹਿਲਾਂ ਉਨ੍ਹਾਂ ਦਾ ਐਡਮਿੰਟਨ ਹਵਾਈ ਅੱਡੇ 'ਤੇ ਪੁੱਜਣ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਗਵਰਨਰ ਜਨਰਲ ਮੈਰੀ ਸਾਈਮਨ ਨੇ ਸਵਾਗਤ ਕੀਤਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਕੈਪਲੂਪਸ ਵਿਚ ਇਕ ਸਾਬਕਾ ਰਿਹਾਇਸ਼ੀ ਸਕੂਲ ਦੀ ਗਰਾਉਂਡ ਵਿਚ ਸੈਂਕੜੇ ਬੇਨਿਸ਼ਾਨ ਕਬਰਾਂ ਮਿਲਣ ਉਪਰੰਤ ਰਿਹਾਇਸ਼ੀ ਸਕੂਲਾਂ ਵਿਚ ਕੈਥਲਿਕ ਪਾਦਰੀਆਂ ਤੇ ਪ੍ਰਬੰਧਕਾਂ ਵਲੋ ਮੂਲਨਿਵਾਸੀਆਂ ਬੱਚਿਆਂ ਉਪਰ ਜੁਲਮਾਂ ਦੀ ਕਹਾਣੀ ਦਾ ਖੁਲਾਸਾ ਹੋਇਆ ਸੀ। ਇਸ ਉਪਰੰਤ ਹੋਰ

ਵੀ ਕਈ ਥਾਵਾਂ ਉਪਰ ਸਾਬਕਾ ਰਿਹਾਇਸ਼ੀ ਸਕੂਲਾਂ ਚੋ ਅਜਿਹੀਆਂ ਸੈਂਕੜੇ ਬੇਨਾਮੀ ਕਬਰਾਂ ਮਿਲੀਆਂ ਸਨ। ਇਹਨਾਂ ਬੇਨਾਮੀ ਕਬਰਾਂ ਨੇ ਕੈਨੇਡਾ ਵਿਚ ਕੈਥੋਲਿਕ ਚਰਚ ਦੀ ਅਗਵਾਈ ਹੇਠ ਸਮੇਂ ਦੇ ਹਾਕਮਾਂ ਦੁਆਰਾ ਬਸਤੀਵਾਦ ਦੇ ਪਸਾਰੇ ਤੇ ਮਜ਼ਬੂਤੀ ਲਈ ਰਹਾਇਸ਼ੀ ਸਕੂਲਾਂ ਵਿਚ ਲੱਖਾਂ ਮੂਲਨਿਵਾਸੀ ਬੱਚਿਆਂ ਨੂੰ ਉਹਨਾਂ ਦੇ ਮਾਪਿਆਂ ਤੋ ਦੂਰ ਰੱਖਿਆ ਗਿਆ ਤੇ ਉਹਨਾਂ ਦੀ ਬੋਲੀ ਤੇ ਸਭਿਆਚਾਰਕ ਖਾਤਮੇ ਦੇ ਨਾਲ ਉਹਨਾਂ ਉਪਰ ਮਾਨਸਿਕ ਤੇ ਜਿਸਮਾਨੀ ਜੁਲਮ ਵੀ ਢਾਹੇ ਗਏ। ਕੈਨੇਡਾ ਵਿਚ ਕੈਥੋਲਿਕ ਚਰਚ ਦੀ ਅਗਵਾਈ ਹੇਠ ਪਹਿਲਾ ਸਕੂਲ 1831 ਵਿਚ ਖੋਹਲਿਆ ਗਿਆ ਸੀ ਤੇ ਕੈਨੇਡੀਅਨ ਸਰਕਾਰ ਨੇ ਰੈਜੀਡੈਂਸ਼ੀਅਲ ਸਕੂਲ ਨੀਤੀ ਨੂੰ 1880 ਵਿਚ ਅਪਣਾਉਂਦਿਆਂ ਮੁਲਕ ਭਰ ਵਿਚ ਅਜਿਹੇ ਸਕੂਲਾਂ ਨੂੰ ਸਰਪ੍ਰਸਤੀ ਦਿੱਤੀ ਸੀ। ਇਹ ਸਕੂਲ 1996 ਤੱਕ ਚਲਦੇ ਰਹੇ। ਕੈਨੇਡਾ ਵਿਚ ਆਖਰੀ ਰੈਜੀਡੈਸ਼ੀਅਲ ਸਕੂਲ ਗਰੋਲੀਅਰ ਹਾਲ 1997 ਵਿਚ ਸਮਾਪਤ ਕੀਤਾ ਗਿਆ ਤੇ ਜਦੋ ਇਹਨਾਂ ਸਕੂਲਾਂ ਵਿਚ ਕੈਨੇਡੀਅਨ ਮੂਲਵਾਸੀ ਕਬੀਲੇ ਫਸਟ ਨੇਸ਼ਨ, ਇਨੂਇਟ ਤੇ ਮੈਟੀਜ ਨਾਲ ਸਬੰਧਿਤ ਬੱਚਿਆਂ ਉਪਰ ਢਾਹੇ ਗਏ ਜੁਲਮਾਂ ਦਾ ਖੁਲਾਸਾ ਹੋਇਆ ਤਾਂ ਸਭ ਤੋ ਪਹਿਲਾ ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ 2008 ਵਿਚ ਸਰਕਾਰ ਦੀ ਤਰਫੋ ਮੁਆਫੀ ਮੰਗੀ ਸੀ। ਮੂਲਵਾਸੀ ਲੋਕਾਂ ਤੇ ਮਾਨਵੀ ਅਧਿਕਾਰ ਸੰਸਥਾਵਾਂ ਵਲੋ ਰਿਹਾਇਸ਼ੀ ਸਕੂਲਾਂ ਵਿਚ ਸਰਕਾਰ ਦੀ ਸਰਪ੍ਰਸਤੀ ਹੇਠ ਕੈਥੋਲਿਕ ਚਰਚ ਦੁਆਰਾ ਢਾਹੇ ਗਏ ਜੁਲਮਾਂ ਤੇ ਦੁਖਾਂਤ ਦੇ ਇਨਸਾਫ ਦੀ ਮੰਗ ਦੇ ਦਬਾਅ ਹੇਠ 2007 ਵਿਚ ਇੰਡੀਅਨ ਰੈਜੀਡੈਂਸ਼ੀਅਲ ਸਕੂਲ ਐਗਰੀਮੈਂਟ ਕੀਤਾ ਗਿਆ ਸੀ ਤੇ ਬਾਦ ਵਿਚ ਸਰਕਾਰ ਨੇ ਸਾਬਕਾ ਸੈਨੇਟਰ ਮੁਰੇ ਸਿਨਕਲੇਅਰ ਦੀ ਅਗਵੀ ਹੇਠ ਸੱਚਾਈ ਅਤੇ ਸੁਲਾਹ ਕਮਿਸ਼ਨ (Truth and Reconciliation Commission) ਦੀ ਸਥਾਪਨਾ ਕੀਤੀ। ਕਮਿਸ਼ਨ ਵਲੋ ਦਿੱਤੀ ਗਈ ਵਿਸਥਾਰਿਤ ਰਿਪੋਰਟ ਉਪਰ ਅੱਜ ਤੱਕ ਅਮਲ ਨਹੀ ਹੋ ਸਕਿਆ। ਸੱਚਾਈ ਤੇ ਸੁਲਾਹ ਕਮਿਸ਼ਨ ਦੇ ਚੇਅਰਮੈਨ ਮੁਰੇ ਸਿਨਕਲੇਅਰਨ ਪੋਪ ਵਲੋ ਮੁਆਫੀ ਸਮੇ ਪ੍ਰਗਟਾਏ ਗਏ ਸ਼ਬਦਾਂ ਨੂੰ ਗਹਿਰਾ ਖਲਾਅ ਕਿਹਾ ਗਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਮੰਨ ਲੈਣਾ ਕਾਫੀ ਨਹੀ ਕਿ ਚਰਚ ਸਰਕਾਰ ਦੀ ਇਕ ਏਜੰਟ ਤੇ ਨਾਹੀ ਸਰਕਾਰੀ ਨੀਤੀ ਨੂੰ ਲਾਗੂ ਕਰਨ ਵਾਲੀ ਭਾਈਵਾਲ ਸੰਸਥਾ ਸੀ ਬਲਕਿ ਉਹ ਇਸ ਧਰਤੀ ਉਪਰ ਇਤਿਹਾਸ ਦੇ ਕਾਲੇ ਪੰਨੇ ਲਿਖਣ ਵਾਲੀ ਮੋਹਰੀ ਸਹਿ-ਲਿਖਾਰੀ ਸੀ। ਸਿਨਕਲੇਅਰ ਦਾ ਕਹਿਣਾ ਹੈ ਕਿ ਰਿਹਾਇਸ਼ੀ ਸਕੂਲਾਂ ਵਿਚ ਵਾਪਰੇ ਦੁਖਾਂਤ ਲਈ ਚਰਚ ਵਲੋ ਪੂਰੀ ਜਿੰਮੇਵਾਰੀ ਕਬੂਲਣ ਤੋ ਬਗੈਰ ਸੁਲਾਹ ਸਫਾਈ ਦੀ ਮੁਹਿੰਮ ਨੂੰ ਅੱਗੇ ਨਹੀ ਵਧਾਇਆ ਜਾ ਸਕਦਾ। ਬਹੁਤ ਸਾਰੇ ਆਦਿਵਾਸੀ ਆਗੂ ਇਹ ਸਮਝਦੇ ਹਨ ਕਿ ਪੋਪ ਦਾ ਕੈਨੇਡਾ ਦੀ ਧਰਤੀ ਉਪਰ ਆਕੇ ਮੁਆਫੀ ਮੰਗਣਾ ਇਹ ਸੰਕੇਤ ਕਿ ਇਸ ਦਿਸ਼ਾ ਵਿਚ ਬਹੁਤ ਸਾਰਾ ਕੰਮ ਕਰਨਾ ਬਾਕੀ ਹੈ। ਉਹਨਾਂ ਪੋਪ ਦੇ ਸ਼ਬਦ ਸੁਣੇ ਹਨ ਤੇ ਹੁਣ ਉਹ ਠੋਸ ਕਾਰਵਾਈ ਵਜੋ ਉਹਨਾਂ ਦੀਆਂ ਮੰਗਾਂ ਵਿਚ-ਆਦਿਵਾਸੀ ਕਲਾ ਕ੍ਰਿਤਾਂ, ਰਿਹਾਇਸ਼ੀ ਸਕੂਲਾਂ ਦਾ ਰਿਕਾਰਡ, ਦੁਖਾਂਤ ਦੇ ਪੀੜਤ ਲੋਕਾਂ ਨੂੰ ਮੁਆਵਜਾ, ਚਰਚ ਦੇ ਉਹਨਾਂ ਫਤਵਿਆਂ ਨੂੰ ਰੱਦ ਕਰਨਾ ਜਿਹਨਾਂ ਤਹਿਤ ਸਮੇਂ ਦੇ ਹਾਕਮਾਂ ਨੂੰ ਬਸਤੀਵਾਦ ਅਤੇ ਮੂਲਨਿਵਾਈਆਂ ਦੀਆਂ ਜ਼ਮੀਨਾਂ ਹੜੱਪਣ ਲਈ ਉਤਸ਼ਾਹ ਮਿਲਿਆ, ਸ਼ਾਮਿਲ ਹਨ। ਆਦਿਵਾਸੀ ਮਹਿਲਾ ਐਸੋਸੀਏਸ਼ਨ ਆਫ ਕੈਨੇਡਾ ਦੀ ਪ੍ਰਧਾਨ ਕੈਰਲ ਮੈਕਬਰਾਈਡ ਦਾ ਵੀ ਇਹ ਕਹਿਣਾ ਮਹੱਤਵਪੂਰਣ ਹੈ ਕਿ ਅਸੀ ਮੁਆਫੀ ਅਤੇ ਪਛਤਾਵੇ ਦੇ ਸ਼ਬਦਾਂ ਤੋ ਅੱਗੇ ਕਿਸੇ ਠੋਸ ਕਾਰਵਾਈ ਦੀ ਉਡੀਕ ਕਰਾਂਗੇ। ਕਰੋਲ ਮੈਕਬਰਾਈਡ ਦੇ ਇਹ ਸ਼ਬਦ ਮੂਲਨਿਵਾਸੀ ਭਾਵਨਾਵਾਂ ਦਾ ਸਹੀ ਪ੍ਰਗਟਾਅ ਕਹੇ ਜਾ ਸਕਦੇ ਹਨ ਕਿ ਪੋਪ ਤੋ ਮੁਆਫੀ ਤੋ ਇਲਾਵਾ ਜੋ ਹੋਰ ਉਮੀਦ ਸੀ, ਉਸਦੀ ਅਜੇ ਵੀ ਉਡੀਕ ਹੈ। ਠੀਕ ਹੈ ਕਿ ਪੋਪ ਨੇ ਕੈਨੇਡਾ ਦੀ ਧਰਤੀ ਤੇ ਆਕੇ ਪੀੜਤ ਲੋਕਾਂ ਦੇ ਦਰਦ ਤੇ ਪੀੜਾ ਨੂੰ ਜਾਣਨ ਨੂੰ ਕੋਸ਼ਿਸ਼ ਕੀਤੀ ਹੈ ਪਰ ਇਹ ਉਹ ਖਿੱਤਾ ਹੈ ਜਿਥੇ ਅੱਜ ਵੀ ਹਰ ਤਿਉਹਾਰ, ਦਾਅਵਤ ਅਤੇ ਸਮਾਗਮ ਗਾਡ ਸੇਵ ਦਾ ਕਵੀਨ ਦੀ ਪ੍ਰਾਥਨਾ ਨਾਲ ਆਰੰਭ ਹੁੰਦੇ ਹਨ। ਹੁਣ ਪੋਪ ਲਈ ਇਹ ਸਵਾਲ ਵੀ ਹੈ ਕਿ ਕੀ ਉਹ ਚਰਚ ਨੂੰ ਉਸ ਦਿਸ਼ਾ ਵੱਲ ਲਿਜਾਣ ਦਾ ਹੀਆ ਕਰਨਗੇ ਜਿਥੇ ਸਾਰੇ ਲੋਕਾਂ ਦੇ ਸਭਿਆਚਾਰ, ਵਿਸ਼ਵਾਸ ਦਾ ਆਦਰ ਤੇ ਸਤਿਕਾਰ ਅਤਿ ਜ਼ਰੂਰੀ ਹੈ। ਆਦਿਵਾਸੀ ਲੋਕਾਂ ਦੀ ਇੱਛਾ ਹੈ ਕਿ ਪੋਪ ਆਪਣੀ ਮੁਆਫੀ ਦੇ ਨਾਲ ਬਸਤੀਵਾਦੀ ਹਾਕਮਾਂ ਵਲੋ ਕੀਤੇ ਗਏ ਜੁਲਮਾਂ ਨੂੰ ਨਸਲਕੁਸ਼ੀ ਕਰਾਰ ਦਿੰਦੇ ਤੇ ਖੋਜ ਦੇ ਸਿਧਾਂਤ ਨੂੰ ਵੀ ਰੱਦ ਕਰਨ ਦਾ ਐਲਾਨ ਕਰਦੇ ਜਿਸਦੇ ਤਹਿਤ ਹੀ ਤਤਕਾਲੀ ਹਾਕਮਾਂ ਨੂੰ ਬਸਤੀਵਾਦ ਦੇ ਵਿਸਥਾਰ ਲਈ ਬੜਾਵਾ ਮਿਲਿਆ।ਉਜ ਬਹੁਗਿਣਤੀ ਮੂਲਵਾਸੀਆਂ ਵਲੋ ਪੋਪ ਦੀ ਮੁਆਫੀ ਨੂੰ ਇਮਾਨਦਾਰ ਪਹੁੰਚ ਕਰਾਰ ਦਿੱਤਾ ਗਿਆ ਹੈ ਪਰ ਇਸ ਦੌਰਾਨ ਕੈਨੇਡਾ ਸਰਕਾਰ ਦਾ ਪ੍ਰਤੀਕਰਮ ਜੇ ਹੈਰਾਨੀਜਨਕ ਨਹੀ ਤਾਂ ਸਿਆਸਤ ਤੋ ਪ੍ਰੇਰਿਤ ਜ਼ਰੂਰ ਲੱਗਦਾ ਹੈ। ਸਰਕਾਰ ਨੇ ਸਪੱਸ਼ਟ ਕੀਤਾ ਕਿ ਦੇਸ਼ ਵਿੱਚ ਕੈਥੋਲਿਕ ਵੱਲੋਂ ਚਲਾਏ ਜਾਂਦੇ ਆਦਿਵਾਸੀ ਸਕੂਲਾਂ ਵਿੱਚ ਮੂਲਵਾਸੀਆਂ 'ਤੇ ਹੋਏ ਅੱਤਿਆਚਾਰਾਂ ਸਬੰਧੀ ਪੋਪ ਫਰਾਂਸਿਸ ਵੱਲੋਂ ਮੰਗੀ ਗਈ ਮੁਆਫ਼ੀ ਮਨਜ਼ੂਰ ਨਹੀਂ ਹੈ। ਸਵਾਲ ਇਹ ਹੈ ਕਿ ਸਮੇਂ ਦੇ ਹਾਕਮਾਂ ਤੇ ਸਰਕਾਰਾਂ ਵਾਂਗ ਕੀ ਕੈਨੇਡਾ ਦੀ ਟਰੂਡੋ ਸਰਕਾਰ ਵੀ ਰਿਹਾਇਸ਼ੀ ਸਕੂਲਾਂ ਦੇ ਨਾਲ ਮੂਲਨਿਵਾਸੀ ਲੋਕਾਂ ਉਪਰ ਜੁਲਮ ਤੇ ਉਹਨਾਂ ਦੀ ਸਭਿਆਚਾਰ ਤੇ ਧਾਰਮਿਕ ਪਹਿਚਾਣ ਖਤਮ ਕੀਤੇ ਜਾਣ ਲਈ ਹੁਣ ਤੱਕ ਬਣਾਈਆਂ ਤੇ ਚਲਾਈਆਂ ਨੀਤੀਆਂ ਦਾ ਸਾਰਾ ਦੋਸ਼ ਕੈਥੋਲਿਕ ਚਰਚ ਉਪਰ ਮੜਕੇ ਸੁਰਖਰੂ ਹੋਣਾ ਮੰਗਦੀ ਹੈ। ਭੂਤਕਾਲ ਜਾਂ ਵਰਤਮਾਨ ਵਿਚ ਧਰਮ ਨੇ ਸਿਆਸਤ ਨੂੰ ਵਰਤਿਆ ਜਾਂ ਸਿਆਸਤ ਨੇ ਆਪਣੀ ਸੱਤਾ ਮਜ਼ਬੂਤੀ ਲਈ ਧਰਮ ਦਾ ਸਹਾਰਾ ਲਿਆ-ਇਹ ਸਵਾਲ ਭਵਿਖ ਲਈ ਅੱਜ ਵੀ ਅਹਿਮ ਹੈ।

UNI GLOBAL IMMIGRATION
CONSULTING SERVICES LTD.
Your Dream.....Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

ਵਿਧਾਇਕ 'ਤੇ ਪੀਏ ਰਾਹੀਂ ਚੌਕੀ ਇੰਚਾਰਜ ਕੋਲੋਂ ਲੱਖ ਰੁਪਏ ਮੰਗਣ ਦਾ ਦੋਸ਼

ਜ਼ੀਰਕਪੁਰ-ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ 'ਤੇ ਬਲਟਾਣਾ ਪੁਲੀਸ ਚੌਕੀ ਦੇ ਸਾਬਕਾ ਇੰਚਾਰਜ ਸਹਾਇਕ ਇੰਸਪੈਕਟਰ ਬਰਮਾ ਸਿੰਘ ਕੋਲੋਂ ਆਪਣੇ ਪੀਏ ਰਾਹੀਂ ਇੱਕ ਲੱਖ ਰੁਪਏ ਮੰਗਣ ਦੇ ਕਥਿਤ ਦੋਸ਼ ਲੱਗੇ ਹਨ। ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਬਲਟਾਣਾ ਦੇ ਸਾਬਕਾ ਚੌਕੀ ਇੰਚਾਰਜ ਆਪਣੀ ਬਦਲੀ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਾਰਡ ਨੰਬਰ-4 ਤੋਂ ਇੰਚਾਰਜ ਵਿਕਰਮ ਧਵਨ ਨਾਲ ਫੋਨ 'ਤੇ ਗੱਲਬਾਤ ਰਾਹੀਂ ਆਪਣਾ ਰੋਸ ਜ਼ਾਹਿਰ ਕਰ ਰਹੇ ਸਨ। ਇਸ ਗੱਲਬਾਤ ਵਿੱਚ ਪੁਲੀਸ ਅਧਿਕਾਰੀ ਆਪਣੀ ਬਦਲੀ ਪਿੱਛੇ ਹਲਕਾ ਵਿਧਾਇਕ ਵੱਲੋਂ ਆਪਣੇ ਪੀਏ ਰਾਹੀਂ ਲੱਖ ਰੁਪਏ ਮੰਗਣ ਦਾ ਦੋਸ਼ ਲਾ ਰਹੇ ਹਨ। ਇਸ ਮਾਮਲੇ ਨੇ ਉਸ ਵੇਲੇ ਤੂਲ ਫੜ ਲਿਆ ਜਦ ਬਰਮਾ ਸਿੰਘ ਨਾਲ ਗੱਲਬਾਤ ਕਰਨ ਵਾਲੇ ਆਮ ਆਦਮੀ ਪਾਰਟੀ ਦੇ ਆਗੂ ਵਿਕਰਮ ਧਵਨ ਨੇ ਮਾਮਲੇ ਦੀ ਆਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ। ਉਸ ਨੇ ਮਾਮਲੇ ਦੀ ਸ਼ਿਕਾਇਤ ਮੁੱਖ ਮੰਤਰੀ ਦੇ ਹੈਲਪਲਾਈਨ ਨੰਬਰ 'ਤੇ ਦਰਜ ਕਰਵਾ ਕੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਮਾਮਲਾ ਤੂਲ ਫੜਦੇ ਹੀ ਚੌਕੀ ਇੰਚਾਰਜ ਆਡੀਓ ਰਿਕਾਰਡਿੰਗ ਵਿੱਚ ਗੱਲਬਾਤ ਦੌਰਾਨ ਲਾਏ ਦੋਸ਼ਾਂ ਤੋਂ ਮੁੱਕਰ ਗਿਆ।ਸ਼ਿਕਾਇਤਕਰਤਾ ਵਿਕਰਮ ਧਵਨ ਨੇ ਦੱਸਿਆ ਕਿ ਉਸ ਦਾ ਬਲਟਾਣਾ ਚੌਕੀ ਵਿੱਚ ਇਕ ਕੇਸ ਚਲ ਰਿਹਾ ਹੈ। ਇਸ ਸਬੰਧੀ ਉਸ ਵੱਲੋਂ ਬਰਮਾ ਸਿੰਘ ਨੂੰ ਫੋਨ ਕੀਤਾ ਗਿਆ ਸੀ। ਬਰਮਾ ਸਿੰਘ ਨੇ ਰੋਸ ਜ਼ਾਹਿਰ ਕਰਦਿਆਂ ਦੱਸਿਆ ਕਿ ਵਿਧਾਇਕ ਸ੍ਰੀ ਰੰਧਾਵਾ ਵੱਲੋਂ ਪੈਸੇ ਨਾ ਮਿਲਣ ਕਾਰਨ ਉਸ ਦੀ ਬਦਲੀ ਕਰਵਾ ਦਿੱਤੀ ਗਈ ਹੈ। ਗੱਲਬਾਤ ਵਿੱਚ ਚੌਕੀ ਇੰਚਾਰਜ ਰੋਸ ਪ੍ਰਗਟ ਕਰ ਰਿਹਾ ਹੈ ਕਿ ਕਿ ਲੰਘੇ ਦਿਨੀਂ ਚੌਕੀ ਵਿੱਚ ਵਿਧਾਇਕ ਦਾ ਪੀਏ ਨਿਤਿਨ ਲੂਥਰਾ ਆ ਕੇ ਕਹਿੰਦਾ ਹੈ, "ਤੁਹਾਨੂੰ ਸ੍ਰੀ ਰੰਧਾਵਾ ਦਾ ਫੋਨ ਆਇਆ ਹੋਣਾ ਜੋ ਇਕ ਲੱਖ ਰੁਪਏ ਦੀ ਮੰਗ ਕਰ ਰਹੇ ਹਨ।" ਚੌਕੀ ਇੰਚਾਰਜ ਨੇ ਕਿਹਾ ਕਿ ਉਹ ਐਨੇ ਜੋਗੇ ਨਹੀਂ ਹਨ ਜਿਸ ਤੋਂ ਬਾਅਦ ਵਿਧਾਇਕ ਵੱਲੋਂ ਉਸ ਦੀ ਕਥਿਤ ਬਦਲੀ ਕਰਵਾ ਦਿੱਤੀ ਗਈ। ਉਧਰ ਬਰਮਾ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਕਿਸੇ ਵੀ ਵਿਅਕਤੀ ਨਾਲ ਵਿਧਾਇਕ ਦੇ ਪੈਸੇ ਮੰਗਣ ਬਾਰੇ ਕੋਈ ਗੱਲ ਨਹੀਂ ਕਹੀ ਗਈ। ਨਿਤਿਨ ਲੂਥਰਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕਿਸੇ ਤੋਂ ਵੀ ਕੋਈ ਪੈਸੇ ਦੀ ਮੰਗ ਨਹੀਂ ਕੀਤੀ ਗਈ। ਜੇ ਅਜਿਹਾ ਹੈ ਤਾਂ ਇਸ ਦਾ ਕੋਈ ਸਬੂਤ ਦਿਖਾਇਆ ਜਾਏ।

ਧਵਨ ਦਾ ਦਿਮਾਗੀ ਸੰਤੁਲਨ ਠੀਕ ਨਹੀਂ: ਵਿਧਾਇਕ ਰੰਧਾਵਾ

ਹਲਕਾ ਵਿਧਾਇਕ ਸ੍ਰੀ ਰੰਧਾਵਾ ਨੇ ਆਖਿਆ ਕਿ ਨਿਤਿਨ ਲੂਥਰਾ ਉਸ ਦਾ ਪੀਏ ਨਹੀਂ ਸਗੋਂ ਪਾਰਟੀ ਵਰਕਰ ਹੈ, ਜਦਕਿ ਪੀਏ ਸੁਮਿਤ ਗਰਗ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਵਿਕਰਮ ਧਵਨ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਇਸ ਤੋਂ ਪਹਿਲਾਂ ਵੀ ਉਹ ਅਜਿਹੀਆਂ ਝੂਠੀਆਂ ਸ਼ਿਕਾਇਤਾਂ ਕਰਦਾ ਰਿਹਾ ਹੈ। ਉਨ੍ਹਾਂ ਪੁਲੀਸ ਨੂੰ ਖ਼ੁਦ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ ਕਿ ਬਲਟਾਣਾ ਚੌਕੀ ਦਾ ਸਾਬਕਾ ਇੰਚਾਰਜ ਜੇ ਅਜਿਹਾ ਕਹਿ ਰਿਹਾ ਹੈ ਤਾਂ ਇਸ ਦੀ ਜਾਂਚ ਕੀਤੀ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਜੇ ਉਨ੍ਹਾਂ ਦੀ ਪਾਰਟੀ ਦਾ ਕੋਈ ਆਗੂ ਜਾਂ ਵਿਅਕਤੀ ਉਨ੍ਹਾਂ ਦਾ ਨਾਂ ਲੈ ਕੇ ਪੈਸੇ ਦੀ ਮੰਗ ਕਰਦਾ ਹੈ ਤਾਂ ਉਹ ਖ਼ੁਦ ਉਸ ਖ਼ਿਲਾਫ਼ ਕੇਸ ਦਰਜ ਕਰਵਾਉਣਗੇ।

ਰੰਧਾਵਾ ਸਾਹਿਬ ਨੂੰ ਹੁਣ ਮੇਰਾ ਦਿਮਾਗੀ ਸੰਤੁਲਨ ਖਰਾਬ ਲੱਗਣ ਲੱਗ ਪਿਆ: ਧਵਨ

ਸ਼ਿਕਾਇਤਕਰਤਾ ਵਿਕਰਮ ਧਵਨ ਨੇ ਹਲਕਾ ਵਿਧਾਇਕ ਵੱਲੋਂ ਦਿਮਾਗੀ ਸੰਤੁਲਨ ਖ਼ਰਾਬ ਹੋਣ ਦੇ ਦੋਸ਼ ਦੇ ਜਵਾਬ ਵਿਚ ਕਿਹਾ ਕਿ ਚੋਣਾਂ ਦੇ ਸਮੇਂ ਉਨ੍ਹਾਂ (ਅਸੀਂ) ਵਿਧਾਇਕ ਲਈ 18-18 ਘੰਟੇ ਕੰਮ ਕੀਤਾ। ਜਿੱਤਣ ਤੋਂ ਬਾਅਦ ਹੁਣ ਤੱਕ ਮੇਰੀ ਵਿਧਾਇਕ ਨਾਲ ਗੱਲ ਹੁੰਦੀ ਰਹੀ ਜਿਸ ਦੀ ਉਸ ਕੋਲ ਕਈ ਫੋਨ ਰਿਕਾਰਡਿੰਗ ਮੌਜੂਦ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਸ ਦੀ (ਮੇਰੀ) ਪਤਨੀ ਨੂੰ ਉਹ ਆਪਣੀ ਭੈਣ ਕਹਿੰਦੇ ਰਹੇ, ਉਦੋਂ ਮੇਰਾ ਦਿਮਾਗੀ ਸੰਤੁਲਨ ਖਰਾਬ ਨਹੀਂ ਸੀ। ਉਨ੍ਹਾਂ ਕਿਹਾ ਕਿ ਹੁਣ ਜਦ ਫੋਨ ਰਿਕਾਰਡਿੰਗ ਵਿੱਚ ਸਾਬਕਾ ਚੌਕੀ ਇੰਚਾਰਜ ਬਲਟਾਣਾ ਉਸ ਦੇ ਪੁੱਛੇ ਬਗੈਰ ਉਸ (ਮੈਨੂੰ) ਨੂੰ ਇਹ ਕਹਿ ਰਹੇ ਹਨ ਕਿ ਉਨ੍ਹਾਂ ਨਾਲ ਧੱਕਾ ਹੋਇਆ ਹੈ ਤੇ ਪੈਸੇ ਮੰਗੇ ਗਏ ਹਨ ਤਾਂ ਰੰਧਾਵਾ ਸਾਹਿਬ ਨੂੰ ਮੇਰਾ ਦਿਮਾਗੀ ਸੰਤਲੁਨ ਖ਼ਰਾਬ ਲੱਗਣ ਲੱਗ ਪਿਆ। ਉਨ੍ਹਾਂ ਕਿਹਾ ਕਿ ਉਸ ਨੇ ਆਡੀਓ ਵਾਇਰਲ ਤਾਂ ਕੀਤੀ ਹੈ ਕਿਉਂਕਿ ਥਾਣੇਦਾਰ ਬਰਮਾ ਸਿੰਘ ਸ਼ਰੀਫ ਇਨਸਾਨ ਹਨ, ਜਿਨ੍ਹਾਂ ਨਾਲ ਪੈਸੇ ਨਾ ਦੇਣ ਤੇ ਧੱਕਾ ਕੀਤਾ ਗਿਆ ਹੈ।

ਦੇਸ਼ 'ਚ ਜਮਹੂਰੀਅਤ ਨਹੀਂ, ਸਿਰਫ਼ ਤਾਨਾਸ਼ਾਹੀ-ਰਾਹੁਲ ਗਾਂਧੀ

ਨਵੀਂ ਦਿੱਲੀ-ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਮਹਿੰਗਾਈ, ਬੇਰੁਜ਼ਗਾਰੀ ਅਤੇ ਸਮਾਜਿਕ ਹਾਲਾਤ ਬਾਰੇ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਦਾਅਵਾ ਕੀਤਾ ਕਿ ਭਾਰਤ ਵਿੱਚ ਲੋਕਤੰਤਰ ਮਰ ਰਿਹਾ ਹੈ ਅਤੇ ਇੱਥੇ ਸਿਰਫ਼ 4 ਵਿਅਕਤੀਆਂ ਦੀ ਤਾਨਾਸ਼ਾਹੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵੀ ਨਿਸ਼ਾਨਾ ਸਾਧਦੇ ਹੋਏ 'ਨੈਸ਼ਨਲ ਹੈਰਾਲਡ' ਮਾਮਲੇ 'ਚ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਕਾਰਵਾਈ ਦਾ ਅਸਿੱਧੇ ਤੌਰ 'ਤੇ ਜ਼ਿਕਰ ਕੀਤਾ ਅਤੇ ਕਿਹਾ ਕਿ ਜੋ ਡਰਦਾ ਹੈ ਉਹ ਸਿਰਫ ਧਮਕੀਆਂ ਦਿੰਦਾ ਹੈ ਅਤੇ ਗਾਂਧੀ ਪਰਿਵਾਰ ਵਿਚਾਰਧਾਰਾ ਲਈ ਲੜਦਾ ਹੈ। ਇਸ ਲਈ ਉਨ੍ਹਾਂ 'ਤੇ ਹਮਲਾ ਕੀਤਾ ਜਾ ਰਿਹਾ ਹੈ। ਪਾਰਟੀ ਵੱਲੋਂ ਮਹਿੰਗਾਈ ਅਤੇ ਬੇਰੁਜ਼ਗਾਰੀ ਵਿਰੁੱਧ ਕੀਤੇ ਜਾ ਰਹੇ ਪ੍ਰਦਰਸ਼ਨ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਗਾਂਧੀ ਨੇ ਇਹ ਵੀ ਦਾਅਵਾ ਕੀਤਾ ਕਿ ਇਸ ਸਮੇਂ ਦੇਸ਼ ਦੀ ਹਰ ਸੰਸਥਾ 'ਤੇ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਦਾ ਕਬਜ਼ਾ ਹੈ ਅਤੇ ਸੰਸਥਾਵਾਂ ਦੇ ਸੁਤੰਤਰ ਨਾ ਹੋਣ ਕਾਰਨ ਵਿਰੋਧੀ ਧਿਰ ਦੇ ਸੰਘਰਸ਼ ਦਾ ਉਹ ਅਸਰ ਨਜ਼ਰ ਨਹੀਂ ਆ ਰਿਹਾ ਰਿਹਾ, ਜੋ ਨਜ਼ਰ ਆਉਣਾ ਚਾਹੀਦਾ ਹੈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਹੱਸਦੇ ਰਹੋ ਹਸਾਉਂਦੇ ਰਹੋ
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।



604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

ਤਾਇਵਾਨ ਖਿਲਾਫ਼ ਚੀਨੀ ਫੌਜ ਦੀ ਮਸ਼ਕ 'ਸਿੱਧੇ ਟਕਰਾਅ' ਨੂੰ ਸੱਦਾ ਕਰਾਰ

ਆਸੀਆਨ ਮੁਲਕਾਂ ਵੱਲੋਂ ਹਿੰਦ-ਪ੍ਰਸ਼ਾਂਤ ਤੇ ਦੱਖਣੀ ਚੀਨ ਸਾਗਰ ਸਣੇ ਪ੍ਰਮੁੱਖ ਚੁਣੌਤੀਆਂ 'ਤੇ ਚਰਚਾ

ਨੌਮ ਪੇਨ (ਕੰਬੋਡੀਆ)-ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਦੇ ਵਿਦੇਸ਼ ਮੰਤਰੀਆਂ ਨੇ ਤਾਇਵਾਨ ਨੂੰ ਲੈ ਕੇ ਵੱਡੀ ਫਿਕਰਮੰਦੀ ਜ਼ਾਹਿਰ ਕੀਤੀ ਹੈ। ਚੀਨ ਵੱਲੋਂ ਅੱਜ ਤਾਇਵਾਨ ਜਲਡਮਰੂ ਦੇ ਆਲੇ ਦੁਆਲੇ ਕੀਤੀ ਵੱਡੀ ਫੌਜੀ ਮਸ਼ਕ ਦਰਮਿਆਨ ਆਸੀਆਨ ਮੁਲਕਾਂ ਦੇ ਵਿਦੇਸ਼ ਮੰਤਰੀਆਂ ਨੇ ਚੇਤਾਵਨੀ ਦਿੱਤੀ ਕਿ ਮੌਜੂਦਾ ਹਾਲਾਤ 'ਸਿੱਧੇ ਟਕਰਾਅ' ਨੂੰ ਸੱਦਾ ਦੇਣ ਵਾਂਗ ਹਨ ਤੇ ਇਸ ਦੇ ਪ੍ਰਮੁੱਖ ਆਲਮੀ ਤਾਕਤਾਂ ਲਈ 'ਅਸਾਧਾਰਨ ਸਿੱਟੇ' ਹੋਣਗੇ। ਮੀਟਿੰਗ ਵਿੱਚ ਸ਼ਾਮਲ ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ 10 ਮੁਲਕੀ ਸਮੂਹ ਆਸੀਆਨ ਹਿੰਦ-ਪ੍ਰਸ਼ਾਂਤ ਖਿੱਤੇ, ਅਤਿਵਾਦ ਦੇ ਟਾਕਰੇ ਅਤੇ ਯੂਕਰੇਨ ਤੇ ਮਿਆਂਮਾਰ ਦੇ ਮੌਜੂਦਾ ਘਟਨਾਕ੍ਰਮਾਂ ਨੂੰ ਲੈ ਕੇ ਇਕਮੱਤ ਤੇ ਇਸ ਦਿਸ਼ਾ ਵਿਚ ਮਿਲ ਕੇ ਕਦਮ ਪੁੱਟਣ ਲਈ ਤਿਆਰ ਹਨ।ਕੰਬੋਡੀਆ ਦੀ ਰਾਜਧਾਨੀ ਵਿੱਚ ਭਾਰਤ-ਆਸੀਆਨ ਮੰਤਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਦੀ ਐਸੋਸੀਏਸ਼ਨ (ਆਸੀਆਨ) ਕੁਨੈਕਟੀਵਿਟੀ ਪ੍ਰਾਜੈਕਟਾਂ, ਕੋਵਿਡ-19 ਮਹਾਮਾਰੀ ਤੇ ਸਾਈਬਰ ਸੁਰੱਖਿਆ ਨਾਲ ਜੁੜੇ ਮੁੱਦਿਆਂ ਨਾਲ ਸਿੱਝਣ ਬਾਰੇ ਮਿਲਦਾ ਜੁਲਦਾ ਨਜ਼ਰੀਆ ਰੱਖਦੇ ਹਨ। ਜੈਸ਼ੰਕਰ ਨੇ ਟਵੀਟ ਕੀਤਾ, "ਨੌਮ ਪੈੱਨ ਵਿੱਚ ਆਸੀਆਨ-ਭਾਰਤ ਵਿਦੇਸ਼ ਮੰਤਰੀਆਂ ਦੀ ਮੀਟਿੰਗ ਉਸਾਰੂ ਰਹੀ। ਚੰਗੀ ਵਿਚਾਰ ਚਰਚਾ ਲਈ ਸਿੰਗਾਪੁਰ ਦੇ ਆਪਣੇ ਹਮਰੁਤਬਾ ਵਿਵੀਅਨ ਬਾਲਾ ਤੇ ਆਸੀਆਨ ਸਹਿਯੋਗੀਆਂ ਦਾ ਧੰਨਵਾਦ।" ਜੈਸ਼ੰਕਰ ਨੇ ਕਿਹਾ ਕਿ ਮੀਟਿੰਗ ਦੌਰਾਨ ਮੈਂਬਰ ਮੁਲਕਾਂ ਨੇ ਡਿਜੀਟਲ ਡੋਮੇਨ, ਸਿਹਤ, ਖੇਤੀ, ਸਿੱਖਿਆ ਤੇ ਗ੍ਰੀਨ ਗਰੋਥ ਜਿਹੇ ਖੇਤਰਾਂ ਦੀ ਪਛਾਣ ਕੀਤੀ, ਜੋ ਦੋਵਾਂ ਧਿਰਾਂ ਦਰਮਿਆਨ ਭਾਈਵਾਲੀ ਨੂੰ ਅੱਗੇ ਲਿਜਾਏਗੀ। ਸੂਤਰਾਂ ਮੁਤਾਬਕ ਭਾਰਤ-ਆਸੀਆਨ ਵਿਦੇਸ਼ ਮੰਤਰੀਆਂ ਦਾ ਸੰਵਾਦ ਹਿੰਦ-ਪ੍ਰਸ਼ਾਂਤ ਖਿੱਤੇ ਦੇ ਮੁਕੰਮਲ ਵਿਕਾਸ ਅਤੇ ਯੂਕਰੇਨ ਸੰਕਟ ਸਣੇ ਹੋਰਨਾਂ ਭੂ-ਸਿਆਸੀ ਘਟਨਾਵਾਂ ਦੇ ਪਿਛੋਕੜ ਵਿੱਚ ਸਬੰਧਾਂ ਨੂੰ ਹੋਰ ਵਧਾਉਣ ਦੇ ਢੰਗ ਤਰੀਕਿਆਂ 'ਤੇ ਕੇਂਦਰਤ ਸੀ। ਵਿਦੇਸ਼ ਮੰਤਰੀਆਂ ਨੇ ਦੱਖਣੀ ਚੀਨ ਸਾਗਰ ਵਿਚਲੇ ਹਾਲਾਤ 'ਤੇ ਵੀ ਚਰਚਾ ਕੀਤੀ, ਜਿੱਥੇ ਚੀਨ ਤੇਜ਼ੀ ਨਾਲ ਆਪਣਾ ਘੇਰਾ ਮੋਕਲਾ ਕਰਦਾ ਜਾ ਰਿਹਾ ਹੈ। ਮੰਤਰੀਆਂ ਨੇ ਦੱਖਣੀ ਚੀਨ ਸਾਗਰ ਖਿੱਤੇ ਵਿੱਚ ਸਾਗਰੀ ਪਾਣੀਆਂ ਬਾਰੇ ਕਾਨੂੰਨ ਲਈ ਯੂਐੱਨ ਕਨਵੈਨਸ਼ਨ ਦੇ ਸਿਧਾਂਤਾਂ ਦੇ ਪਾਲਣ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ।

ਸ਼ਿਮਲਾ ਦੇ ਬੈਂਕ ਆਫ ਬੜੌਦਾ ਵਿੱਚ ਲਾਕਰ ਵਿੱਚੋਂ 50 ਲੱਖ ਦੇ ਗਹਿਣੇ ਗਾਇਬ

ਸ਼ਿਮਲਾ-ਇੱਥੋਂ ਪੁਰਾਣੇ ਬੱਸ ਸਟੈਂਡ ਦੇ ਨੇੜੇ ਗੁਰਦੁਆਰਾ ਸਿੰਘ ਸਭਾ ਨੇੜੇ ਬੈਂਕ ਆਫ ਬੜੌਦਾ ਦੇ ਲਾਕਰ ਵਿੱਚੋਂ 50 ਲੱਖ ਰੁਪਏ ਦੇ ਗਹਿਣੇ ਗਾਇਬ ਹੋ ਗਏ ਹਨ। ਥਾਣਾ ਸਦਰ ਵਿੱਚ ਆਸ਼ੂਤੋਸ਼ ਸੂਦ ਪੁੱਤਰ ਦਵਿੰਦਰ ਲਾਲ ਸੂਦ ਵਾਸੀ ਮੇਨ ਬੱਸ ਸਟੈਂਡ ਨੇ ਸ਼ਿਕਾਇਤ ਕੀਤੀ ਹੈ ਕਿ ਉਸ ਨੇ ਸਾਲ 1998 ਵਿੱਚ ਬੈਂਕ ਆਫ ਬੜੌਦਾ ਦਾ ਲਾਕਰ ਨੰਬਰ 77 ਲਿਆ ਸੀ। ਸਾਲ 2017 ਵਿੱਚ ਉਸ ਨੂੰ ਬੈਂਕ ਅਧਿਕਾਰੀਆਂ ਨੇ ਦੱਸਿਆ ਕਿ ਬੈਂਕ ਲਾਕਰ ਦਾ ਨੰਬਰ 77 ਤੋਂ ਬਦਲ ਕੇ 177 ਕਰ ਦਿੱਤਾ ਹੈ। ਸਾਲ 2017 ਤੋਂ ਉਹ ਆਪਣਾ ਬੈਂਕ ਲਾਕਰ ਨੰਬਰ 177 ਚਲਾ ਰਿਹਾ ਸੀ, ਪਰ ਸਾਲ 2019 ਤੋਂ ਬਾਅਦ ਉਸ ਨੇ ਆਪਣਾ ਬੈਂਕ ਲਾਕਰ ਨਹੀਂ ਚਲਾਇਆ। ਜਦੋਂ ਉਹ 30 ਜੁਲਾਈ ਨੂੰ ਆਪਣਾ ਲਾਕਰ ਚੈਕ ਕਰਨ ਗੁਰਦੁਆਰਾ ਸਿੰਘ ਸਭਾ ਬੈਂਕ ਆਫ਼ ਬੜੌਦਾ ਗਿਆ ਤਾਂ ਬੈਂਕ ਲਾਕਰ ਨੂੰ ਚਾਬੀ ਨਹੀਂ ਲੱਗੀ। ਉਸ ਨੇ ਇਸ ਬਾਰੇ ਬੈਂਕ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਲਾਕਰ ਨੰਬਰ 177 ਬੈਂਕ ਦੇ ਕੰਪਿਊਟਰ ਸਿਸਟਮ ਵਿੱਚ ਗੁਰਪ੍ਰੀਤ ਸਿੰਘ ਵਿਰਕ ਦੇ ਨਾਂ ਹੈ। ਗੁਰਪ੍ਰੀਤ ਸਿੰਘ ਨੇ ਬੈਂਕ ਅਧਿਕਾਰੀਆਂ ਨੂੰ ਕਿਹਾ ਸੀ ਕਿ ਉਸ ਦੇ ਬੈਂਕ ਲਾਕਰ ਦੀਆਂ ਚਾਬੀਆਂ ਗੁੰਮ ਹੋ ਗਈਆਂ ਹਨ, ਜਿਸ ਉੱਤੇ ਅਧਿਕਾਰੀਆਂ ਨੇ ਗੁਰਪ੍ਰੀਤ ਸਿੰਘ ਦੇ ਸਾਹਮਣੇ ਬੈਂਕ ਦਾ ਲਾਕਰ ਤੋੜ ਦਿੱਤਾ ਅਤੇ ਉਸ ਵਿੱਚ ਰੱਖਿਆ ਸਾਮਾਨ ਗੁਰਪ੍ਰੀਤ ਨੂੰ ਦੇ ਦਿੱਤਾ। ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਕਿ ਗੁਰਪ੍ਰੀਤ ਸਿੰਘ ਬੈਂਕ ਦੇ ਲਾਕਰ ਵਿੱਚ ਰੱਖਿਆ ਸਾਮਾਨ ਆਪਣੇ ਨਾਲ ਲੈ ਗਿਆ ਹੈ। ਆਸ਼ੂਤੋਸ਼ ਸੂਦ ਨੇ ਦੋਸ਼ ਲਾਇਆ ਕਿ ਉਕਤ ਲਾਕਰ ਵਿੱਚ ਰੱਖਿਆ ਸਾਮਾਨ ਉਸ ਦਾ ਹੈ। ਦੋਸ਼ ਹੈ ਕਿ ਇਹ ਧੋਖਾਦੇਹੀ ਆਪਸੀ ਮਿਲੀਭੁਗਤ ਨਾਲ ਹੋਈ ਹੈ। ਪੁਲਸ ਨੇ ਇਸ ਬਾਰੇ ਕੇਸ ਦਰਜ ਕਰ ਲਿਆ ਹੈ।

ਥਾਈਲੈਂਡ ਦੇ ਪੱਬ 'ਚ ਅੱਗ ਲੱਗਣ ਕਾਰਨ 13 ਵਿਅਕਤੀ ਜ਼ਿੰਦਾ ਸੜੇ, ਦਰਜਨਾਂ ਝੁਲਸੇ

ਬੈਂਕਾਕ-ਪੂਰਬੀ ਥਾਈਲੈਂਡ ਵਿੱਚ ਅੱਜ ਤੜਕੇ ਪੱਬ ਵਿੱਚ ਭਿਆਨਕ ਅੱਗ ਲੱਗਣ ਕਾਰਨ ਘੱਟੋ-ਘੱਟ 13 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦਰਜਨਾਂ ਜ਼ਖ਼ਮੀ ਹੋ ਗਏ। ਪੁਲੀਸ ਅਤੇ ਬਚਾਅ ਦਲ ਦੇ ਕਰਮਚਾਰੀਆਂ ਨੇ ਦੱਸਿਆ ਕਿ ਅੱਗ 'ਤੇ ਕਾਬੂ ਪਾਉਣ 'ਚ ਦੋ ਘੰਟੇ ਲੱਗੇ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਉਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਉਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
APNA PUNJABI LUMBER YARD
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site (Even to the Moon)
"Where the Builders Buy"

REAL ESTATE BUY & SELL
MORTGAGES 1st, 2nd or Private
BUILD WITH WARRANTY
BUILD, SUPPORT & ADVICE TEAM WORK
KULWANT ATWAL 604-716-2135
BHAJAN ATWAL 604-773-8426
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

ਕਿਸੇ ਧਾਰਮਿਕ ਸਰਾਵਾਂ ਉਪਰ ਟੈਕਸ ਨਹੀਂ ਲਗਾਇਆ-ਕੇਂਦਰ ਵਲੋ ਸਪੱਸ਼ਟੀਕਰਣ

ਨਵੀਂ ਦਿੱਲੀ-ਕੇਂਦਰ ਸਰਕਾਰ ਨੇ ਧਾਰਮਿਕ ਜਾਂ ਚੈਰੀਟੇਬਲ ਟਰੱਸਟਾਂ ਦੀਆਂ ਸਰਾਵਾਂ ਤੇ ਵਸਤੂ ਅਤੇ ਸੇਵਾ ਕਰ (ਜੀਐੱਸਟੀ) ਬਾਰੇ ਸ਼ੰਕਿਆਂ ਨੂੰ ਸਾਫ਼ ਕਰਦਿਆਂ ਕਿਹਾ ਕਿ ਅਜਿਹਾ ਕੋਈ ਕਰ ਇਨ੍ਹਾਂ ਸਰਾਵਾਂ 'ਤੇ ਨਹੀਂ ਲਗਾਇਆ ਗਿਆ। ਕੇਂਦਰੀ ਅਸਿੱਧੇ ਟੈਕਸ ਅਤੇ ਕਸਟਮ ਬੋਰਡ ਨੇ ਟਵੀਟ ਦੀ ਲੜੀ ਵਿੱਚ ਇਹ ਦਾਅਵਾ ਕੀਤਾ ਹੈ। ਬੋਰਡ ਨੇ ਕਿਹਾ ਕਿ ਮੀਡੀਆਂ ਦੇ ਕੁੱਝ ਹਿੱਸੇ ਵੱਲੋਂ ਗਲਤ ਰਿਪੋਰਟਾਂ ਕਾਰਨ ਇਹ ਭਰਮ ਫੈਲਿਆ ਹੈ।

ਅਮਰੀਕਾ ਵਿਚ ਮੌਂਕੀਪੌਕਸ ਕਾਰਣ ਸਿਹਤ ਐਮਰਜੈਂਸੀ ਦਾ ਐਲਾਨ

ਵਾਸ਼ਿੰਗਟਨ-ਅਮਰੀਕਾ ਨੇ ਤੇਜ਼ੀ ਨਾਲ ਫੈਲ ਰਹੇ 'ਮੌਂਕੀਪੌਕਸ' ਨਾਲ ਨਜਿੱਠਣ ਲਈ ਯਤਨ ਤੇਜ਼ ਕਰਨ ਲਈ ਜਨਤਕ ਸਿਹਤ ਐਮਰਜੰਸੀ ਦਾ ਐਲਾਨ ਕੀਤਾ ਹੈ। ਦੇਸ਼ ਵਿੱਚ 7100 ਤੋਂ ਵੱਧ ਲੋਕ ਇਸ ਬਿਮਾਰੀ ਦੀ ਲਪੇਟ ਵਿੱਚ ਆ ਚੁੱਕੇ ਹਨ। ਇਹ ਐਲਾਨ ਇਸ ਛੂਤ ਵਾਲੀ ਬਿਮਾਰੀ ਦਾ ਮੁਕਾਬਲਾ ਕਰਨ ਲਈ ਸੰਘੀ ਫੰਡ ਅਤੇ ਸਰੋਤ ਜੁਟਾਉਣ ਵਿੱਚ ਮਦਦ ਕਰੇਗੀ। ਇਸ ਬਿਮਾਰੀ ਦੇ ਲੱਛਣ ਹਨ ਬੁਖਾਰ, ਸਰੀਰ ਵਿਚ ਦਰਦ, ਠੰਢ ਲੱਗਣਾ, ਥਕਾਵਟ ਅਤੇ ਸਰੀਰ ਤੇ ਕਈ ਥਾਵਾਂ ਤੇ ਫੋੜੇ ਹੋਣੇ ਹਨ।

ਸਿੱਖ ਯਾਤਰੀਆਂ ਨੂੰ ਕਿਰਪਾਨ ਪਹਿਨਕੇ ਘਰੇਲੂ ਹਵਾਈ ਸਫਰ ਕਰਨ ਬਾਰੇ ਪਟੀਸ਼ਨ ਤੋਂ ਇਨਕਾਰ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਬਿਊਰੋ ਆਫ਼ ਸਿਵਲ ਏਵੀਏਸ਼ਨ ਸਕਿਓਰਿਟੀ (ਬੀਸੀਏਐੱਸ) ਦੇ ਘਰੇਲੂ ਟਰਮੀਨਲਾਂ ਤੋਂ ਚੱਲਣ ਵਾਲੀਆਂ ਘਰੇਲੂ ਉਡਾਣਾਂ ਵਿੱਚ ਸਿੱਖ ਯਾਤਰੀਆਂ ਨੂੰ ਕਿਰਪਾਨ ਲੈ ਕੇ ਜਾਣ ਦੀ ਆਗਿਆ ਦੇਣ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਜਸਟਿਸ ਅਬਦੁਲ ਨਜ਼ੀਰ ਅਤੇ ਜੇਕੇ ਮਹੇਸ਼ਵਰੀ ਦੇ ਬੈਂਚ ਨੇ ਪਟੀਸ਼ਨਕਰ ਨੂੰ ਸਬੰਧਤ ਹਾਈ ਕੋਰਟ ਤੱਕ ਪਹੁੰਚਣ ਦੀ ਆਜ਼ਾਦੀ ਦਿੱਤੀ ਹੈ। ਇਸ ਤੋਂ ਬਾਅਦ ਪਟੀਸ਼ਨਕਰਤਾ ਨੇ ਪਟੀਸ਼ਨ ਵਾਪਸ ਲੈ ਲਈ।

ਭਾਰਤੀ ਕਿਸਾਨ ਯੂਨੀਅਨ ਵਲੋ ਅਗਨੀਪਥ ਯੋਜਨਾ ਖਲਿਾਫ ਅੰਦੋਲਨ 7 ਅਗਸਤ ਤੋਂ

ਨੋਇਡਾ-ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਬੁੱਧਵਾਰ ਨੂੰ ਕਿਹਾ ਕਿ ਉਸ ਦੀ ਜਥੇਬੰਦੀ ਕੇਂਦਰ ਦੀ ਨਵੀਂ ਫ਼ੌਜੀ ਭਰਤੀ ਯੋਜਨਾ 'ਅਗਨੀਪਥ' ਖ਼ਿਲਾਫ਼ ਸੱਤ ਅਗਸਤ ਤੋਂ ਮੁਹਿੰਮ ਸ਼ੁਰੂ ਕਰੇਗੀ। ਉਹ ਪੱਛਮੀ ਉਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਦੇ ਟਿਕਰੀ ਇਲਾਕੇ ਵਿੱਚ ਕਿਸਾਨਾਂ ਦੀ ਇੱਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਟਿਕੈਤ ਨੇ ਜ਼ਮੀਨ ਐਕੂਆਇਰ, ਬਿਜਲੀ ਕਰ ਅਤੇ ਗੰਨਾ ਬਕਾਇਆ ਨਾਲ ਸਬੰਧਿਤ ਮੁੱਦੇ ਵੀ ਉਠਾਏ।

ਕੁਲਦੀਪ ਬਿਸ਼ਨੋਈ ਪਤਨੀ ਸਣੇ ਭਾਜਪਾ ਵਿੱਚ ਸ਼ਾਮਲ

ਭਾਜਪਾ ਨਾਲ ਮੱਤਭੇਦ ਜ਼ਰੂਰ ਹੋਏ ਪਰ ਮਨਭੇਦ ਕਦੇ ਨਹੀਂ ਹੋਇਆ-ਬਿਸ਼ਨੋਈ

ਚੰਡੀਗੜ੍ਹ-ਹਰਿਆਣਾ ਦੇ ਵਿਧਾਨ ਸਭਾ ਹਲਕਾ ਆਦਮਪੁਰ ਤੋਂ ਸਾਬਕਾ ਵਿਧਾਇਕ ਕੁਲਦੀਪ ਬਿਸ਼ਨੋਈ ਭਾਜਪਾ ਦੇ ਮੁੱਖ ਦਫ਼ਤਰ ਵਿੱਚ ਸਮਾਗਮ ਦੌਰਾਨ ਆਪਣੀ ਪਤਨੀ ਸਾਬਕਾ ਵਿਧਾਇਕ ਰੇਣੂਕਾ ਬਿਸ਼ਨੋਈ ਸਣੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ। ਸਮਾਗਮ ਵਿੱਚ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਪਾਰਟੀ ਦੇ ਜਨਰਲ ਸਕੱਤਰ ਅਰੁਣ ਸਿੰਘ, ਰਾਜ ਸਭਾ ਮੈਂਬਰ ਅਨਿਲ ਬਲੂਨੀ ਅਤੇ ਸੂਬਾ ਪ੍ਰਧਾਨ ਓਮ ਪ੍ਰਕਾਸ਼ ਧਨਖੜ ਵੀ ਮੌਜੂਦ ਸਨ। ਬਿਸ਼ਨੋਈ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਨਾਲ ਉਨ੍ਹਾਂ ਦਾ ਤਿੰਨ ਸਾਲ ਗੱਠਜੋੜ ਰਿਹਾ ਹੈ। ਇਸ ਤੋਂ ਬਾਅਦ ਦੋਵਾਂ ਵਿਚਾਲੇ ਮੱਤਭੇਦ ਜ਼ਰੂਰ ਹੋਏ ਪਰ ਮਨਭੇਦ ਕਦੇ ਨਹੀਂ ਹੋਇਆ। ਇਸ ਦੌਰਾਨ ਬਿਸ਼ਨੋਈ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਕੰਮਕਾਜ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਸੂਬੇ ਦੇ ਹਿੱਤਾਂ ਲਈ ਸੋਚਣ ਵਾਲੇ ਸਿਆਸਤਦਾਨਾਂ ਦੀ ਅਗਵਾਈ ਵਿੱਚ ਰਹਿ ਕੇ ਲੋਕਾਂ ਲਈ ਵਧੀਆ ਫ਼ੈਸਲੇ ਲੈਣ ਦਾ ਮੌਕਾ ਮਿਲੇਗਾ। ਸਾਬਕਾ ਵਿਧਾਇਕ ਨੇ ਭਾਜਪਾ ਦੇ ਸੀਨੀਅਰ ਆਗੂਆਂ ਨੂੰ ਅਪੀਲ ਕੀਤੀ, "ਮੈਨੂੰ ਅਤੇ ਮੇਰੇ ਪਰਿਵਾਰ ਨੂੰ ਮਾਣ-ਸਨਮਾਨ ਘੱਟ ਦੇ ਦੇਣਾ ਪਰ ਮੇਰੇ ਹਮਾਇਤੀਆਂ ਨੂੰ ਪੂਰਾ ਸਨਮਾਨ ਦਿੱਤਾ ਜਾਵੇ।" ਮੁੱਖ ਮੰਤਰੀ ਖੱਟਰ ਨੇ ਬਿਸ਼ਨੋਈ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਬਿਸ਼ਨੋਈ ਬਿਨਾਂ ਕਿਸੇ ਸ਼ਰਤ ਤੋਂ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਹ ਪਹਿਲਾਂ ਵੀ ਭਾਜਪਾ ਨਾਲ ਮਿਲ ਕੇ ਸੂਬੇ ਦੇ ਵਿਕਾਸ ਲਈ ਕੰਮ ਕਰ ਚੁੱਕੇ ਹਨ ਅਤੇ ਹੁਣ ਫਿਰ ਭਾਜਪਾ ਵਿੱਚ ਸ਼ਾਮਲ ਹੋ ਕੇ ਸੂਬੇ ਦੇ ਲੋਕਾਂ ਦੇ ਹਿੱਤ 'ਚ ਫ਼ੈਸਲੇ ਲੈਣਗੇ। ਜ਼ਿਕਰਯੋਗ ਹੈ ਕਿ ਕੁਲਦੀਪ ਬਿਸ਼ਨੋਈ ਨੂੰ ਹਰਿਆਣਾ ਕਾਂਗਰਸ ਦਾ ਪ੍ਰਧਾਨ ਨਾ ਲਗਾਏ ਜਾਣ ਕਾਰਨ ਉਹ ਪਿਛਲੇ ਕੁਝ ਸਮੇਂ ਤੋਂ ਕਾਂਗਰਸ ਤੋਂ ਖਫਾ ਸਨ।

ਉਪਾਸਨਾ ਸਿੰਘ ਨੇ ਮਿਸ ਯੂਨਵਿਰਸ ਹਰਨਾਜ਼ ਸੰਧੂ ਖਿਲਾਫ ਕੀਤਾ ਦੀਵਾਨੀ ਦਾਅਵਾ

ਸਫ਼ਾ 3 ਦੀ ਬਾਕੀ

ਮੈਸੇਜ ਦਾ ਜਵਾਬ ਦੇਣਾ ਵੀ ਬੰਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਨਾਜ਼ ਨਾਲ ਸੰਪਰਕ ਨਾ ਹੋਣ ਕਾਰਨ ਉਨ੍ਹਾਂ ਨੂੰ ਫ਼ਿਲਮ ਦੀ ਰਿਲੀਜ਼ ਡੇਟ 27 ਮਈ ਤੋਂ ਬਦਲ ਕੇ 19 ਅਗਸਤ ਕਰਨੀ ਪਈ ਹੈ। ਇਸ ਤਰ੍ਹਾਂ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇਹ ਉਪਾਸਨਾ ਸਿੰਘ ਦੀ ਬਤੌਰ ਨਿਰਮਾਤਾ ਪਹਿਲੀ ਫ਼ਿਲਮ ਹੈ। ਉਨ੍ਹਾਂ ਕਿਹਾ ਕਿ ਹਰਨਾਜ਼ ਕੌਰ ਸੰਧੂ ਨੇ ਉਨ੍ਹਾਂ ਦੀ ਫ਼ਿਲਮ ਦਾ ਇਕ ਵੀ ਪੋਸਟ ਸ਼ੇਅਰ ਨਹੀਂ ਕੀਤਾ ਹੈ।

ਪਰਵਾਸੀ ਭਾਈਚਾਰੇ ਬਾਰੇ ਭਾਰਤ ਸਰਕਾਰ ਕੋਲ ਨਹੀ ਹੈ ਕੋਈ ਅਧਿਕਾਰਤ ਅੰਕੜਾ

ਨਵੀਂ ਦਿੱਲੀ-ਸੰਸਦੀ ਕਮੇਟੀ ਨੇ ਸਰਕਾਰ ਕੋਲ ਦੁਨੀਆ ਭਰ ਵਿੱਚ ਫੈਲੇ ਪਰਵਾਸੀ ਭਾਰਤੀ ਭਾਈਚਾਰੇ ਦਾ ਕੋਈ 'ਅਧਿਕਾਰਤ ਅੰਕੜਾ' ਨਾ ਹੋਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਭਾਰਤੀ ਸਫ਼ਾਰਤਖਾਨੇ/ਹਾਈ ਕਮਿਸ਼ਨ/ਮਿਸ਼ਨ ਦਾ ਪਰਵਾਸੀ ਭਾਰਤੀਆਂ ਨਾਲ ਵਿਆਪਕ ਅਤੇ ਨਜ਼ਦੀਕੀ ਸੰਪਰਕ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਪਰਵਾਸੀ ਭਾਰਤੀਆਂ ਨੂੰ ਰਜਿਸਟਰਡ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਡੇਟਾ ਤਿਆਰ ਕੀਤਾ ਜਾ ਸਕੇ। ਇਹ ਗੱਲ ਬੁੱਧਵਾਰ ਨੂੰ ਸੰਸਦ @ਚ ਪੇਸ਼ ਕੀਤੀ ਗਈ ਭਾਜਪਾ ਸੰਸਦ ਮੈਂਬਰ ਪੀਪੀ ਚੌਧਰੀ ਦੀ ਅਗਵਾਈ ਵਾਲੀ ਵਿਦੇਸ਼ ਮਾਮਲਿਆਂ ਦੀ ਸਥਾਈ ਕਮੇਟੀ ਦੀ ਰਿਪੋਰਟ @ਚ ਕਹੀ ਗਈ। ਪਰਵਾਸੀ ਭਾਰਤੀਆਂ ਦੁਆਰਾ ਭੇਜੀ ਗਈ ਰਕਮ ਬਾਰੇ ਪੁੱਛੇ ਜਾਣ 'ਤੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੂਜੇ ਦੇਸ਼ਾਂ ਤੋਂ ਆਪਣੇ ਪਰਿਵਾਰਾਂ ਨੂੰ ਭੇਜੀ ਗਈ ਰਕਮ ਬਾਰੇ ਕੋਈ ਸਹੀ ਅੰਕੜੇ ਉਪਲਬੱਧ ਨਹੀਂ ਹਨ।ਹਾਲਾਂਕਿ, ਇਸ ਵਿਸ਼ੇ @ਤੇ ਵਿਸ਼ਵ ਬੈਂਕ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਸਾਲ 2021 ਵਿੱਚ ਪਰਵਾਸੀ ਭਾਰਤੀਆਂ ਨੇ ਪਰਿਵਾਰਾਂ ਨੂੰ 87 ਅਰਬ ਡਾਲਰ ਦੀ ਰਾਸ਼ੀ ਭੇਜੀ ਅਤੇ ਭਾਰਤ ਇਸ ਸ਼੍ਰੇਣੀ ਸਭ ਤੋਂ ਅੱਗੇ ਹੈ।

ਕੰਗਣਾ ਰਣੌਤ ਨੇ ਆਮਿਰ ਖਾਨ ਤੇ ਲਗਾਏ ਫਿਲਮ ਦੇ ਨਾਂਹਪੱਖੀ ਪ੍ਰਚਾਰ ਦੇ ਦੋਸ਼

ਮੁੰਬਈ-ਅਦਾਕਾਰਾ ਕੰਗਨਾ ਰਣੌਤ ਨੇ ਬੌਲੀਵੁੱਡ ਅਦਾਕਾਰ ਆਮਿਰ ਖਾਨ 'ਤੇ ਵਰ੍ਹਦਿਆਂ ਕਿਹਾ ਕਿ ਆਪਣੀ ਆਗਾਮੀ ਫਿਲਮ 'ਲਾਲ ਸਿੰਘ ਚੱਢਾ' ਬਾਰੇ ਨਾਂਹ-ਪੱਖੀ ਪ੍ਰਚਾਰ ਪਿੱਛੇ 'ਮਾਸਟਰਮਾਂਈਡ' ਉਹ (ਆਮਿਰ) ਖੁਦ ਹਨ। ਕੰਗਨਾ ਨੇ ਇੰਸਟਾਗ੍ਰਾਮ 'ਤੇ ਪਾਈ ਪੋਸਟ 'ਚ ਆਮਿਰ ਖਾਨ 'ਤੇ ਵਰ੍ਹਦਿਆਂ ਉਸ ਨੂੰ 'ਇਸ ਨੂੰ ਧਰਮ ਜਾਂ ਵਿਚਾਰਧਾਰਾ ਦਾ ਮੁੱਦਾ ਬਣਾਉਣ ਤੋਂ ਰੋਕਣ ਲਈ ਆਖਿਆ ਹੈ।" ਉਸ ਨੇ ਲਿਖਿਆ, "ਮੈਨੂੰ ਲੱਗਦਾ ਹੈ ਆਗਾਮੀ ਰਿਲੀਜ਼ ਹੋਣ ਵਾਲੀ ਫਿਲਮ ਲਾਲ ਸਿੰਘ ਚੱਢਾ ਬਾਰੇ ਐਨੀ ਜ਼ਿਆਦਾ ਨਕਾਰਾਤਮਕਤਾ ਫੈਲਾਉਣ ਪਿੱਛੇ ਮਾਸਟਰਮਾਈਂਡ ਖ਼ੁਦ ਆਮਿਰ ਖਾਨ ਹਨ।" ਇਸ ਸਾਲ (ਸਿਰਫ ਇੱਕ ਕਾਮੇਡੀ ਸੀਕੁਅਲ ਤੋਂ ਇਲਾਵਾ) ਕਿਸੇ ਵੀ ਹਿੰਦੀ ਫਿਲਮ ਨੇ ਚੰਗਾ ਪ੍ਰਦਰਸ਼ਨ ਨਹੀਂ ਕੀਤਾ। ਅਦਾਕਾਰਾ ਨੇ ਕਿਹਾ, "ਸਿਰਫ ਦੱਖਣੀ ਫਿਲਮਾਂ ਜਿਨ੍ਹਾਂ ਵਿੱਚ ਭਾਰਤੀ ਸੱਭਿਆਚਾਰ ਨੂੰ ਦਿਖਾਇਆ ਗਿਆ ਹੈ, ਨੇ ਵਧੀਆ ਪ੍ਰਦਰਸ਼ਨ ਕੀਤਾ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
604-594-0616

67 ਸਾਲ ਤੋਂ ਨਾ ਨਹਾਉਣ ਵਾਲਾ 87 ਸਾਲਾ ਬਜ਼ੁਰਗ ਪੂਰਾ ਸਿਹਤਮੰਦ

ਨਵੀਂ ਦਿੱਲੀ-ਸਰਦੀਆਂ ਵਿੱਚ ਨਹਾਉਣਾ ਹਰ ਕਿਸੇ ਨੂੰ ਮੁਸ਼ਕਲ ਕੰਮ ਲੱਗਦਾ ਹੈ। ਫਿਰ ਵੀ ਲੋਕ ਨਹਾ ਲੈਂਦੇ ਹਨ, ਪਰ ਇੱਕ ਇਹ ਇਨਸਾਨ ਬੀਤੇ 67 ਸਾਲਾਂ ਤੋਂ ਨਹਾਇਆ ਹੀ ਨਹੀਂ ਹੈ। ਇਹ ਸ਼ਖਸ ਈਰਾਨ ਦਾ ਰਹਿਣ ਵਾਲਾ ਹੈ, ਜਿਸਦਾ ਨਾਂ ਅਮੋ ਹਾਜੀ ਹੈ ਅਤੇ ਉਮਰ 87 ਸਾਲ ਹੈ। ਅਮੋ ਹਾਜੀ ਪਿਛਲੇ 67 ਸਾਲ ਤੋਂ ਨਹੀਂ ਨਹਾਇਆ। ਉਸ ਨੇ ਇੰਨੇ ਸਾਲਾਂ ਵਿੱਚ ਆਪਣੇ ਸਰੀਰ ਉੱਤੇ ਪਾਣੀ ਤਕ ਨਹੀਂ ਪਾਇਆ, ਇਸ ਲਈ ਉਸ ਨੂੰ ਦੁਨੀਆ ਦਾ ਸਭ ਤੋਂ ਗੰਦਾ ਇਨਸਾਨ ਕਿਹਾ ਜਾਂਦਾ ਹੈ। ਉਨ੍ਹਾਂ ਦੀ ਸਿਹਤ ਜਾਂਚ ਕਰਨ ਵਾਲੇ ਡਾਕਟਰਾਂ ਨੇ ਹੈਰਾਨ ਕਰਨ ਵਾਲੀ ਗੱਲ ਦੱਸੀ ਹੈ।ਅਮੋ ਹਾਜੀ ਇਸ ਲਈ ਨਹੀਂ ਨਹਾਉਂਦਾ ਕਿ ਉਨ੍ਹਾਂ ਨੂੰ ਪਾਣੀ ਤੋਂ ਡਰ ਲੱਗਦਾ ਹੈ। ਉਸ ਨੂੰ ਇਸ ਗੱਲ ਦਾ ਵੀ ਡਰ ਹੈ ਕਿ ਉਹ ਜੇ ਨਹਾਏਗਾ ਤਾਂ ਬੀਮਾਰ ਪੈ ਜਾਏਗਾ। ਇਸ ਲਈ ਉਹ ਨਹਾਉਂਦਾ ਨਹੀਂ ਅਤੇ ਉਸ ਦਾ ਚਿਹਰਾ ਕਾਲਾ ਪੈ ਗਿਆ ਅਤੇ ਪੂਰਾ ਸਰੀਰ ਬਦਬੂਦਾਰ ਹੋ ਗਿਆ ਹੈ। ਉਸ ਦੇ ਕੋਲ ਕੋਈ ਖ਼ੜ੍ਹਾ ਨਹੀਂ ਹੁੰਦਾ। ਇਸ ਦੇ ਕਾਰਨ ਉਹ ਈਰਾਨ ਦੇ ਰੇਗਿਸਤਾਨ ਵਿੱਚ ਇਕੱਲਾ ਰਹਿੰਦਾ ਹੈ। 87 ਸਾਲਾ ਹਾਜੀ ਇਸ ਸਮੇਂ ਦੇਜਗਾਹ ਪਿੰਡ ਦੀ ਇੱਕ ਝੌਂਪੜੀ ਵਿੱਚ ਰਹਿੰਦਾ ਹੈ। ਸਥਾਨਕ ਲੋਕਾਂ ਨੇ ਇਹ ਝੌਂਪੜੀ ਉਸੇ ਲਈ ਬਣਾਈ ਹੈ।ਅਮੋ ਹਾਜੀ ਠੰਡ ਤੋਂ ਬਚਣ ਲਈ ਜੋ ਉਪਾਅ ਕਰਦਾ ਹੈ, ਉਸ ਬਾਰੇ ਜਾਣਕੇ ਹੈਰਾਨ ਹੋ ਜਾਓਗੇ। ਰਿਪੋਰਟ ਮੁਤਾਬਕ ਜੰਗ ਦੌਰਾਨ ਵਰਤੇ ਗਏ ਪੁਰਾਣੇ ਹੈਲਮੇਟ ਨੂੰ ਉਹ ਠੰਡ ਤੋਂ ਬਚਣ ਲਈ ਪਹਿਨਦਾ ਹੈ।

ਇੱਕੋ ਕੱਪੜਾ ਕਈ ਸਾਲਾਂ ਤੋਂ ਉਹ ਪਹਿਨ ਰਿਹਾ ਹੈ। ਨਵੇਂ ਮਿਲਣ ਵਾਲੇ ਕੱਪੜਿਆਂ ਨੂੰ ਉਹ ਉਸੇ ਉਪਰ ਪਾ ਲੈਂਦਾ ਹੈ।ਜਦੋਂ ਡਾਕਟਰਾਂ ਨੇ ਝੌਂਪੜੀ ਦਾ ਦੌਰਾ ਕੀਤਾ ਅਤੇ ਅਮੋ ਹਾਜੀ ਦੀ ਸਿਹਤ ਦੀ ਜਾਂਚ ਕੀਤੀ, ਤਾਂ ਉਹ ਹੈਰਾਨ ਰਹਿ ਗਏ। ਡਾਕਟਰਾਂ ਨੇ ਜਾਂਚ ਵਿੱਚ ਪਤਾ ਲਾਇਆ ਕਿ ਉਹ ਬਿਲਕੁੱਲ ਸਿਹਤਮੰਦ ਹੈ। ਉਸ ਦੇ ਸਰੀਰ ਵਿੱਚ ਕੋਈ ਬੈਕਟੀਰੀਆ ਜਾਂ ਗੰਭੀਰ ਬੀਮਾਰੀ ਨਹੀਂ ਸੀ। ਉਹ ਇੱਕ ਚੰਗੇ ਸਾਫ਼-ਸੁਥਰੇ ਘਰ ਵਿੱਚ ਨਿਯਮਤ ਤੌਰ ਉੱਤੇ ਰਹਿਣ ਵਾਲੇ ਇਨਸਾਨ ਵਾਂਗ ਸਿਹਤਮੰਦ ਸੀ।

ਦੂਜੇ ਸਰਵੇਖਣ 'ਚ ਵੀ ਸੂਨਕ ਟਰੱਸ ਤੋਂ ਪਿੱਛੇ

ਲੰਡਨ-ਬਰਤਾਨੀਆ ਦੀ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੇ ਮੈਂਬਰਾਂ ਦੇ ਇੱਕ ਨਵੇਂ ਸਰਵੇਖਣ ਵਿੱਚ ਖ਼ੁਲਾਸਾ ਹੋਇਆ ਹੈ ਕਿ ਵਿਦੇਸ਼ ਮੰਤਰੀ ਲਿਜ਼ ਟਰੱਸ ਪ੍ਰਧਾਨ ਮੰਤਰੀ ਵਜੋਂ ਬੋਰਿਸ ਜੌਹਨਸਨ ਦੀ ਥਾਂ ਲੈਣ ਲਈ ਆਪਣੇ ਵਿਰੋਧੀ ਰਿਸ਼ੀ ਸੂਨਕ ਤੋਂ ਅੱਗੇ ਹੈ। 'ਕੰਜ਼ਰਵੇਟਿਵਹੋਮ' ਵੈੱਬਸਾਈਟ ਵੱਲੋਂ ਬੁੱਧਵਾਰ ਰਾਤ ਨੂੰ ਜਾਰੀ ਕੀਤੇ ਗਏ ਸਰਵੇਖਣ ਅਨੁਸਾਰ ਪਾਰਟੀ ਦੇ 58 ਫੀਸਦ ਮੈਂਬਰਾਂ ਨੇ ਟਰੱਸ ਅਤੇ 26 ਫੀਸਦ ਮੈਂਬਰਾਂ ਨੇ ਸਾਬਕਾ ਵਿੱਤ ਮੰਤਰੀ ਸੂਨਕ ਦੀ ਹਮਾਇਤ ਕੀਤੀ ਹੈ 12 ਫੀਸਦੀ ਮੈਂਬਰਾਂ ਨੇ ਹਾਲੇ ਇਸ ਬਾਰੇ ਕੋਈ ਫ਼ੈਸਲਾ ਨਹੀਂ ਲਿਆ। ਬੁੱਧਵਾਰ ਤੋਂ ਬਾਅਦ ਇਹ ਦੂਜਾ ਮੱਤਦਾਨ ਹੈ, ਜਿਸ ਵਿੱਚ ਕੈਬਨਿਟ ਮੰਤਰੀ ਟਰੱਸ ਨੂੰ ਭਾਰਤੀ ਮੂਲ ਦੇ ਸੂਨਕ ਤੋਂ ਅੱਗੇ ਦਿਖਾਇਆ ਗਿਆ ਹੈ। ਪਹਿਲੇ 'ਯੂਗੋਵ' ਸਰਵੇਖਣ ਵਿੱਚ ਦਿਖਾਇਆ ਗਿਆ ਸੀ ਕਿ ਟਰੱਸ ਸਾਰੇ ਉਮਰ ਵਰਗਾਂ, ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਪੁਰਸ਼ਾਂ ਤੇ ਮਹਿਲਾਵਾਂ ਵਿਚਾਲੇ ਸੂਨਕ ਤੋਂ ਅੱਗੇ ਸੀ। ਕੰਜ਼ਰਵੇਟਿਵਟ ਹੋਮ ਦੇ ਸਰਵੇਖਣ ਵਿੱਚ ਕਿਹਾ ਗਿਆ, "ਜੇ ਸਾਡੇ ਅਤੇ 'ਯੂਗੋਵ' ਦੇ ਸਰਵੇਖਣ ਸਹੀ ਹਨ ਤਾਂ ਸੂਨਕ ਲਈ ਜਿੱਤਣਾ ਔਖਾ ਲੱਗ ਰਿਹਾ ਹੈ।' ਨਵੇਂ ਖ਼ੁਲਾਸੇ ਉਸ ਵੇਲੇ ਹੋਏ ਹਨ ਜਦੋਂ ਸੂਨਕ ਨੂੰ ਇੱਕ ਹੋਰ ਸਾਬਕਾ ਦਾਅਵੇਦਾਰ ਅਤੇ ਪਾਰਟੀ ਦੇ ਸੀਨੀਅਰ ਆਗੂ ਸਾਜਿਦ ਵਾਜਿਦ ਤੋਂ ਵੀ ਝਟਕਾ ਲੱਗਿਆ ਹੈ, ਜਿਸ ਨੇ ਟਰੱਸ ਨੂੰ ਉਸ ਦੇ 'ਸਪੱਸ਼ਟ ਏਜੰਡੇ' ਲਈ ਆਪਣਾ ਸਮਰਥਨ ਦਿੱਤਾ ਹੈ। ਪਾਕਿਸਤਾਨੀ ਮੂਲ ਦੇ ਆਗੂ ਅਤੇ ਸਾਬਕਾ ਸਿਹਤ ਮੰਤਰੀ ਜਾਵਿਦ ਨੇ ਸੂਨਕ ਦੀਆਂ ਟੈਕਸ ਨੀਤੀਆਂ ਦਾ ਹਵਾਲਾ ਦਿੰਦਿਆਂ

'ਦਿ ਟਾਈਮਜ਼' ਅਖ਼ਬਾਰ 'ਚ ਲਿਖਿਆ ਕਿ ਟੈਕਸ 'ਚ ਕਟੌਤੀ ਕਰਨ ਤੋਂ ਇਨਕਾਰ ਕਰਨ ਦਾ ਮਤਲਬ ਹੈ ਕਿ ਬਰਤਾਨੀਆ ਹੌਲੀ-ਹੌਲੀ ਜ਼ਿਆਦਾ ਟੈਕਸ ਅਤੇ ਘੱਟ ਵਿਕਾਸ ਵਾਲੀ ਅਰਥਵਿਵਸਥਾ ਵੱਲ ਵਧੇਗਾ। ਜਾਵਿਦ ਨੇ ਲਿਖਿਆ, "ਕੁੱਝ ਲੋਕ ਦਾਅਵਾ ਕਰਦੇ ਹਨ ਕਿ ਟੈਕਸ 'ਚ ਕਟੌਤੀ ਉਦੋਂ ਹੀ ਹੋ ਸਕਦੀ ਹੈ, ਜਦੋਂ ਦੇਸ਼ ਵਿੱਚ ਵਿਕਾਸ ਹੁੰਦਾ ਹੈ। ਪਰ ਮੇਰਾ ਮੰਨਣਾ ਇਸ ਦੇ ਬਿਲਕੁਲ ਉਲਟ ਹੈ। ਟੈਕਸ ਕਟੌਤੀ ਵਿਕਾਸ ਦੀ ਪਹਿਲੀ ਸ਼ਰਤ ਹੈ।'

ਵੈਨਕੂਵਰ ਵਿਚਾਰ ਮੰਚ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਉਨ੍ਹਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਸਬੰਧੀ ਮੰਚ ਦੀ ਇਕ ਵਿਸ਼ੇਸ਼ ਮੀਟਿੰਗ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ, ਸਰੀ ਵਿਚ ਹੋਈ। ਇਸ ਮੌਕੇ ਬੋਲਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ 13 ਅਪਰੈਲ 1919 ਦੇ ਜੱਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਅਤੇ ਪੰਜਾਬ ਦੇ ਸੈਂਕੜੇ ਪਿੰਡਾਂ ਵਿਚ ਲੱਗੇ ਮਾਰਸ਼ਲ ਲਾਅ ਦੌਰਾਨ ਬੇਦੋਸ਼ੇ ਤੇ ਮਾਸੂਮ ਲੋਕਾਂ 'ਤੇ ਹੋਈ ਗੋਲੀਬਾਰੀ, ਜਬਰ-ਤਸ਼ੱਦਦ ਅਤੇ ਗ੍ਰਿਫ਼ਤਾਰੀਆਂ ਦੇ ਦਮਨ ਚੱਕਰ ਦੀ ਦਰਦਨਾਕ ਗਾਥਾ ਨੇ ਸੂਖ਼ਮ-ਭਾਵੀ ਊਧਮ ਸਿੰਘ ਦਾ ਹਿਰਦਾ ਵਲੂੰਧਰ ਦਿੱਤਾ ਸੀ। ਉਸ ਨੇ ਆਪਣੇ ਮਨ ਵਿਚ ਹੀ ਇਸ ਦਾ ਬਦਲਾ ਲੈਣ ਦੀ ਸੌਂਹ ਖਾ ਲਈ ਸੀ ਅਤੇ ਲੰਮੀ ਉਡੀਕ ਤੋਂ ਬਾਅਦ ਜਰਨਲ ਡਾਇਰ ਨੂੰ ਮਾਰ ਕੇ ਜੱਲਿਆਂ ਵਾਲੇ ਬਾਗ਼ ਦਾ ਬਦਲਾ ਲਿਆ ਸੀ। ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਅੰਗਰੇਜ਼ ਬਰਾੜ, ਹਰਦਮ ਮਾਨ, ਗੁਰਦੀਪ ਭੁੱਲਰ, ਬਿੱਲਾ ਤੱਖੜ ਅਤੇ ਬਲਦੇਵ ਨੇ ਉਸ ਮਹਾਨ ਸੂਰਬੀਰ ਯੋਧੇ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਅਜ਼ਾਦੀ ਦੇ ਸੰਗਰਾਮ ਵਿਚ ਬੇਮਿਸਾਲ ਯੋਗਦਾਨ ਪਾਇਆ ਜੋ ਪੰਜਾਬੀਆਂ ਅਤੇ ਭਾਰਤੀਆਂ ਲਈ ਪ੍ਰੇਰਣਾ ਦਾ ਸੋਮਾ ਬਣਿਆ। ਬੀਤੇ ਦਿਨੀਂ ਸਿਮਰਨਜੀਤ ਸਿੰਘ ਮਾਨ ਵੱਲੋਂ ਸ਼ਹੀਦੇ-ਆਜ਼ਮ ਭਗਤ ਨੂੰ ਅੱਤਵਾਦੀ ਕਹਿਣ ਦੀ ਸਖਤ ਨਿਖੇਧੀ ਕਰਦਿਆਂ ਮੰਚ ਦੇ ਆਗੂਆਂ ਨੇ ਕਿਹਾ ਕਿ ਭਾਰਤੀ ਲੋਕਾਂ ਨੂੰ ਗ਼ੁਲਾਮੀ ਦੇ ਜੂਲੇ ਹੇਠ ਜਕੜਨ ਵਾਲੇ ਅੰਗਰੇਜ਼ ਸਾਮਰਾਜੀਆਂ ਵਿਰੁੱਧ ਜਾਨ ਤਲੀ 'ਤੇ ਧਰ ਕੇ ਆਖ਼ਰੀ ਸਾਹਾਂ ਤੱਕ ਜੂਝਣ ਵਾਲੇ ਸ਼ਹੀਦ ਭਗਤ ਸਿੰਘ ਵਰਗੇ ਸੰਗਰਾਮੀ ਯੋਧੇ ਨੂੰ ਅੱਤਵਾਦੀ ਦੱਸਣ ਵਾਲੇ ਸਾਬਕਾ ਪੁਲਿਸ ਅਫਸਰ ਦਾ ਪਿਛਕੋੜ ਅਤੇ ਕਿਰਦਾਰ ਦਾ ਹਰ ਪੰਜਾਬੀ ਬਾਖੂਬੀ ਜਾਣਦਾ ਹੈ।

ਟਵਾਸਨ ਫਸਟ ਨੇਸ਼ਨ ਚੀਫ ਕੇਨ ਬੇਅਰਡ ਦੀ 61 ਸਾਲ ਦੀ ਉਮਰ 'ਚ ਮੌਤ

ਓਟਵਾ-ਟਵਾਸਨ ਫਸਟ ਨੇਸ਼ਨ ਚੀਫ ਸਵੈਨਸੈੱਟ ਕੇਨ ਬੇਅਰਡ ਦਾ ਲੰਬੀ ਬਿਮਾਰੀ ਪਿੱਛੋਂ 2 ਅਗਸਤ ਨੂੰ ਦਿਹਾਂਤ ਹੋ ਗਿਆ। ਉਹ 61 ਸਾਲ ਦੇ ਸਨ। ਬੁੱਧਵਾਰ ਸਵੇਰੇ ਟੀਐਫਐਨ ਨੇ ਬੇਅਰਡ ਪਰਿਵਾਰ ਵਲੋਂ ਪਾਈ ਇਕ ਪੋਸਟ ਨੂੰ ਸਾਂਝੀ ਕਰਦਿਆਂ ਐਲਾਨ ਕੀਤਾ ਕਿ ਕੇਨਥ ਲੋਰਨ ਬੇਅਰਡ ਦੀ ਸ਼ਾਂਤੀਪੂਰਵਕ ਮੌਤ ਹੋ ਗਈ। ਉਸ ਦੀ ਮੌਤ ਸਮੇਂ ਉਸ ਦਾ ਪਰਿਵਾਰ ਉਸ ਦੇ ਕੋਲ ਸੀ। ਪਰਿਵਾਰ ਨੇ ਆਪਣੀ ਪੋਸਟ ਵਿਚ ਕਿਹਾ ਕਿ ਚੀਫ ਕੇਨ ਇਕ ਹਮਦਰਦ, ਸਿਆਣਾ ਤੇ ਦਿਆਲੂ ਆਗੂ ਸੀ ਜਿਹੜਾ ਆਪਣੇ ਪਰਿਵਾਰ, ਤਸਵਵਾਸਨ ਲੋਕਾਂ ਅਤੇ ਆਪਣੇ ਸਭਿਆਚਾਰ ਨੂੰ ਦਿਲੋਂ ਪਿਆਰ ਕਰਦਾ ਸੀ। ਬੇਅਰਡ 2019 ਵਿਚ ਚੀਫ ਚੁਣਿਆਂ ਗਿਆ ਸੀ ਅਤੇ ਉਸ ਨੇ ਤਿੰਨ ਕਾਰਜਕਾਲ ਤਸਵਵਾਸਨ ਲੈਜਿਸਲੇਚਰ ਅਤੇ ਇਕ ਵਾਰ ਇਸ ਦੀ ਐਗਜ਼ੈਕਟਿਵ ਕੌਂਸਿਲ ਵਿਚ ਸੇਵਾ ਨਿਭਾਈ ਸੀ। ਦੂਸਰੇ ਕਾਰਜਕਾਲ ਵਿਚ ਉਸ ਨੂੰ ਉਸ ਦੇ ਸਾਥੀ ਲੈਜਿਸਲੇਚਰਾਂ ਨੇ ਸਪੀਕਰ (ਸਕਿਕੇਲ) ਵਜੋਂ ਚੋਣ ਕੀਤੀ ਸੀ। ਚੀਫ਼ ਬਣਨ ਤੋਂ ਪਹਿਲਾਂ ਬੇਅਰਡ ਨੇ 20 ਸਾਲ ਟੀਐਫਐਨ ਸਰਕਾਰ ਲਈ ਕੰਮ ਕੀਤਾ। 2006 ਵਿਚ ਤਰੱਕੀ ਪਾ ਕੇ ਸੁਪਰਵਾਈਜ਼ਰ ਬਣਨ ਤੋਂ ਪਹਿਲਾਂ ਉਹ 1999-2005 ਤਕ ਵੇਸਟਵਾਟਰ ਟਰੀਟਮੈਂਟ ਪਲਾਂਟ ਦਾ ਆਪਰੇਟਰ ਰਿਹਾ।

ਐਬਟਸਫੋਰਡ ਸਟੋਰ ਦੇ ਬਾਹਰ ਗੋਲੀਆਂ ਚਲਾਏ ਜਾਣ ਪਿੱਛੋਂ ਸਰੀ ਦੇ ਵਿਅਕਤੀ ਖਿਲਾਫ ਦੋਸ਼ ਆਇਦ

ਸਰੀ-ਐਬਟਸਫੋਰਡ ਦੇ ਇਕ ਸਟੋਰ ਬਾਹਰ ਦੋ ਵਿਅਕਤੀਆਂ ਵਲੋਂ ਗੋਲੀਆਂ ਚਲਾਏ ਜਾਣ ਦੀ ਘਟਨਾ ਪਿੱਛੋਂ ਸਰੀ ਦੇ ਇਕ ਵਿਅਕਤੀ ਖਿਲਾਫ ਦੋਸ਼ ਲਗਾਏ ਗਏ ਹਨ। ਸਾਰਜੈਂਟ ਪਾਲ ਵਾਕਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਘਟਨਾ ਇਕ ਅਗਸਤ ਨੂੰ ਸ਼ਾਮ ਪੰਜ ਦੇ ਲਗਪਗ 1818 ਮੈਕਲਮ ਰੋਡ ਵਿਖੇ ਮੈਕਲਮ ਜੰਕਸ਼ਨ ਵਿਚ ਕੈਬੇਲਾ ਦੇ ਸਟੋਰ ਦੀ ਪਾਰਕਿੰਗ ਵਿਚ ਵਾਪਰੀ ਸੀ। ਵਾਕਰ ਨੇ ਦੱਸਿਆ ਕਿ ਇਕ ਵਿਅਕਤੀ ਨੇ ਦੋ ਵਿਅਕਤੀਆਂ ਨੂੰ ਗੋਲੀ ਚਲਾਉਂਦੇ ਹੋਏ ਦੇਖਿਆ ਅਤੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪੈਟਰੋਲ ਅਫਸਰ ਜਿਹੜੇ ਮੌਕੇ 'ਤੇ ਪਹੁੰਚੇ ਨੇ ਦੋਵਾਂ ਵਿਅਕਤੀਆਂ ਨੂੰ ਲੱਭ ਲਿਆ ਪਰ ਉਨ੍ਹਾਂ ਕੋਲ ਉਸ ਸਮੇਂ ਹਥਿਆਰ ਨਹੀਂ ਸਨ ਪਰ ਇਹ ਹਥਿਆਰ ਇਕ ਮੋਟਰ ਗੱਡੀ ਵਿਚ ਪਏ ਟਰੱਕ ਵਿਚੋਂ ਮਿਲ ਗਏ। ਵਾਕਰ ਨੇ ਦੱਸਿਆ ਕਿ ਗਵਾਹ ਦੇ ਬਿਆਨਾਂ, ਇਲਾਕੇ ਦੀ ਸੀਸੀਟੀਵੀ ਫੁੱਟੇਜ ਅਤੇ ਗਵਾਹ ਦੀ ਵੀਡੀਓ ਦੇ ਆਧਾਰ 'ਤੇ 19 ਸਾਲਾ ਰੇਹਾਨ ਜਸਪਾਲ ਨੂੰ ਗ੍ਰਿਫ਼ਤਾਰ ਕਰ ਲਿਆ। ਜਸਪਾਲ 'ਤੇ ਖ਼ਤਰਨਾਕ ਮਕਸਦ ਲਈ ਹਥਿਆਰ ਰੱਖਣ ਤੇ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਲਗਾਏ ਗਏ ਹਨ।

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਸਨਿਚਰਵਾਰ, 6 ਅਗਸਤ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

ਲਹਿੰਦੇ ਪੰਜਾਬ ਦੀ ਨਾਮਵਰ ਅਦੀਬ ਡਾ. ਨਬੀਲਾ ਰਹਿਮਾਨ ਯੂਨੀਵਰਸਿਟੀ ਆਫ਼ ਝੰਗ ਦੇ ਵਾਈਸ ਚਾਂਸਲਰ ਬਣੇ

ਸਰੀ (ਹਰਦਮ ਮਾਨ)-ਸਮੁੱਚੇ ਪੰਜਾਬੀ ਜਗਤ ਲਈ ਇਹ ਖ਼ੁਸ਼ੀ ਦੀ ਖ਼ਬਰ ਹੈ ਕਿ ਟੋਭਾ ਟੇਕ ਸਿੰਘ ਦੀ ਜੰਮਪਲ ਧੀ ਅਤੇ ਪੰਜਾਬੀਆਂ ਦਾ ਮਾਣ, ਨਾਮਵਰ ਪੰਜਾਬੀ ਅਦੀਬ, ਸਕਾਲਰ ਤੇ ਅਧਿਆਪਕ ਪ੍ਰੋ. ਨਬੀਲਾ ਰਹਿਮਾਨ ਨੂੰ ਬੀਤੇ ਦਿਨ ਲਹਿੰਦੇ ਪੰਜਾਬ ਦੀ ਯੂਨੀਵਰਸਿਟੀ ਆਫ਼ ਝੰਗ (ਪੰਜਾਬ ਪਾਕਿਸਤਾਨ) ਦੀ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ ਹੈ। ਡਾ. ਨਬੀਲਾ ਰਹਿਮਾਨ ਇਸ ਸਮੇਂ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪੰਜਾਬੀ ਇੰਸਟੀਚਿਊਟ ਆਫ਼ ਪੰਜਾਬੀ ਐਂਡ ਕਲਚਰ ਦੇ ਡਾਇਰੈਕਟਰ ਹਨ। ਇਹ ਪਾਕਿਸਤਾਨ ਦੀ ਪਹਿਲੀ ਭਾਸ਼ਾਈ ਅਧਿਆਪਕ ਹਨ ਜਿਨ੍ਹਾਂ ਨੂੰ ਸਿੱਧਾ ਇਸ ਰੁਤਬੇ 'ਤੇ ਪਹੁੰਚਣ ਦਾ ਫ਼ਖ਼ਰ ਹਾਸਲ ਹੋਇਆ ਹੈ। ਵਰਨਣਯੋਗ ਹੈ ਕਿ ਸਾਲ 2012 ਵਿਚ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਜਦੋਂ ਲਾਹੌਰ ਵਿਚ ਪੰਜਾਬੀ ਦੇ ਹਵਾਲੇ ਨਾਲ ਯਾਦਗਾਰੀ ਅਵਾਰਡਜ਼ ਦੇਣ ਦੀ ਸ਼ੁਰੂਆਤ ਹੋਈ ਤਾਂ ਪਹਿਲਾ ਮਾਤਾ ਦਰਸ਼ਨ ਕੌਰ ਯਾਦਗਾਰੀ ਅਵਾਰਡ ਡਾ. ਨਬੀਲਾ ਰਹਿਮਾਨ ਨੂੰ ਦਿੱਤਾ ਸੀ। ਉਨ੍ਹਾਂ 2002 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਕਾਦਰੀ ਸੂਫ਼ੀ ਆਡਰ 'ਤੇ ਪੀ.ਐਚ.ਡੀ. ਕੀਤੀ ਹੈ। ਹੁਣ ਤੱਕ ਲਹਿੰਦੇ ਪੰਜਾਬ ਵਿਚ ਸਭ ਤੋਂ ਵੱਧ ਪੀ.ਐਚ.ਡੀ. ਡਾ. ਨਬੀਲਾ ਰਹਿਮਾਨ ਦੇ ਨਿਗਰਾਨ ਤੇ ਸਰਪ੍ਰਸਤੀ ਹੇਠ ਹੀ ਮੁਕੰਮਲ ਹੋਈਆਂ ਹਨ। ਪ੍ਰੋ. ਨਬੀਲਾ ਰਹਿਮਾਨ ਨੇ ਹੁਣ ਤਕ ਦਸ ਪੁਸਤਕਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ ਹਨ। ਕੈਨੇਡਾ ਦੇ ਲੇਖਕ ਜੋਗਿੰਦਰ ਸ਼ਮਸ਼ੇਰ ਦੀ ਪੁਸਤਕ 1919 ਦਾ ਪੰਜਾਬ ਨੂੰ ਡਾ. ਨਬੀਲਾ ਰਹਿਮਾਨ ਨੇ ਹੀ ਸ਼ਾਹਮੁਖੀ ਵਿਚ ਲਹੂ ਲਹੂ ਪੰਜਾਬ ਦੇ ਸਿਰਲੇਖ ਹੇਠ ਲਿਪੀਆਂਤਰ ਕੀਤਾ ਹੈ। ਕੈਨੇਡਾ ਦੇ ਦੂਜੇ ਲੇਖਕ ਗਿਆਨ ਸਿੰਘ ਸੰਧੂ ਦੀ ਅੰਗਰੇਜ਼ੀ ਪੁਸਤਕ TB@ Minutes Guide to the Sikh Faith ਨੂੰ ਬੜੀ ਸ਼ਿੱਦਤ ਤੇ ਸੋਹਣੇ ਢੰਗ ਨਾਲ ਸਿੱਖ ਧਰਮ ਬਾਰੇ ਵੀਹ ਮਿੰਟ ਦੀ ਜਾਣਕਾਰੀ ਦੇ ਟਾਈਟਲ ਹੇਠ ਸ਼ਾਹਮੁਖੀ ਵਿਚ ਪਰੋਇਆ ਹੈ। ਡਾ. ਨਬੀਲਾ

ਰਹਿਮਾਨ ਦੇ ਯੂਨੀਵਰਸਿਟੀ ਆਫ਼ ਝੰਗ ਦੀ ਵਾਈਸ ਚਾਂਸਲਰ ਬਣਨ 'ਤੇ ਕੈਨੇਡਾ ਦੇ ਨਾਮਵਰ ਅਦੀਬ ਜੈਤੇਗ ਸਿੰਘ ਅਨੰਤ, ਗਿਆਨ ਸਿੰਘ ਸੰਧੂ (ਬਾਨੀ ਪ੍ਰਧਾਨ ਵਰਲਡ ਸਿੱਖ ਸੰਸਥਾ), ਸੁਰਿੰਦਰ ਸਿੰਘ ਜੱਬਲ (ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ), ਲਖਬੀਰ ਸਿੰਘ ਖੰਗੂੜਾ ਤੇ ਸ਼ਾਇਰ ਹਰਦਮ ਸਿੰਘ ਮਾਨ ਨੇ ਤਹਿ-ਦਿਲੋਂ ਖ਼ੁਸ਼ੀ ਦਾ ਇਜ਼ਹਾਰ ਕੀਤਾ ਹੈ।

Offering Services For All Your Business and Real Estate Needs
- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNYSANGHA • PERSONALREALESTATECORPORATION

14317 31A AVENUE, SURREY

Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

#92 15111 EDMUND DRIVE

Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

UNIT 2808 13615 FRASER HWY

Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

LOT B 20444 46A AVENUE, LANGLEY


9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

LOT A 33734 MAYFAIR AVENUE, SURREY
Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.

Sunny Sangha
604-356-5555
SUNNY SANGHA
CENTURY 21
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

ਵੈਨਕੂਵਰ ਆਈਲੈਂਡ ਤੇ ਲੋਅਰ ਮੇਨਲੈਂਡ ਵਿਚ ਕੈਂਪਫਾਇਰ 'ਤੇ ਪਾਬੰਦੀ

ਵਿਕਟੋਰੀਆ-ਜੰਗਲ ਦੀ ਅੱਗ ਦੇ ਖਤਰੇ ਨੂੰ ਘਟਾਉਣ ਦੀ ਮਦਦ ਲਈ ਹੈਡਾ ਗਵਾਈ ਫੌਰੈਸਟ ਡਿਸਟ੍ਰਿਕਟ ਤੋਂ ਬਿਨ੍ਹਾਂ ਸਮੁੱਚੇ ਕੌਸਟਲ ਫਾਇਰ ਸੈਂਟਰ ਦੇ ਅਧਿਕਾਰ ਖੇਤਰ ਵਿਚ ਕੈਂਪਫਾਇਰ ਦੀ ਮਨਾਹੀ ਹੋਵੇਗੀ। ਇਸ ਮਨਾਹੀ ਵਿਚ ਸਾਰੀਆਂ ਬੀਸੀ ਪਾਰਕਾਂ, ਕਰਾਊਨ ਆਈਲੈਂਡਸ ਅਤੇ ਕੌਸਟਲ ਫਾਇਰ ਸੈਂਟਰ ਵਿਚ ਪੈਂਦੀਆਂ ਸਾਰੀਆਂ ਜ਼ਮੀਨਾਂ ਆਉਣਗੀਆਂ। ਕੌਸਟਲ ਫਾਇਰ ਸੈਂਟਰ ਹੇਠ ਨੌਰਥ ਵਿਚ ਟਵੀਡਸਮੁਇਰ ਸਾਊਥ ਪ੍ਰੋਵਿੰਸ਼ੀਅਲ ਪਾਰਕ ਸਮੇਤ ਮੈਨਿੰਗ ਪਾਰਕ ਵਿਖੇ ਅਮਰੀਕਾ-ਕੈਨੇਡਾ ਸਰਹੱਦ ਤੋਂ ਲੈ ਕੇ ਕੌਸਟ ਮਾਊਂਟੇਨ ਰੇਜ਼ ਅਤੇ ਹਾਈਟ ਆਫ ਦੀ ਲੈਂਡ 'ਤੇ ਪੱਛਮ ਵਾਲਾ ਇਲਾਕਾ, ਸਨਸ਼ਾਈਨ ਕੌਸਟ, ਲੋਅਰ ਮੇਨਲੈਂਡ, ਵੈਨਕੂਵਰ ਆਈਲੈਂਡ, ਗਲਫ ਆਈਲੈਂਡਸ ਅਤੇ ਹੈਦਾ ਗਵਾਈ ਆਉਂਦਾ ਹੈ। ਇਹ ਮਨਾਹੀ 28 ਅਕਤੂਬਰ ਤਕ ਲਾਗੂ ਰਹੇਗੀ ਜਾਂ ਜਦੋਂ ਤਕ ਹੁਕਮ ਰੱਦ ਨਹੀਂ ਕੀਤਾ ਜਾਂਦਾ।

ਐਬਟਸਫੋਰਡ ਸਿਟੀ ਦੀ ਸਾਬਕਾ ਬੁਲਾਰਨ ਮਿਸ਼ੇਲ ਵਲੋਂ ਕੌਂਸਲ ਚੋਣ ਲੜਨ ਦਾ ਐਲਾਨ

ਐਬਟਸਫੋਰਡ-ਸ਼ਹਿਰ ਦੀ ਸਾਬਕਾ ਬੁਲਾਰਨ ਅਲੈਕਸ ਮਿਸ਼ੇਲ ਨੇ 8 ਮੈਂਬਰੀ ਸਿਟੀ ਕੌਂਸਲ ਦੀ ਇਕ ਸੀਟ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਅਕਤੂਬਰ ਵਿਚ ਹੋ ਰਹੀਆਂ ਮਿਊਂਸਪਲ ਚੋਣਾਂ ਲਈ ਸਿਟੀ ਆਫ ਐਬਟਸਫੋਰਡ ਦੀ ਜਨਤਕ ਮਾਮਲਿਆਂ ਦੀ ਸਾਬਕਾ ਅਫਸਰ ਮੈਦਾਨ ਵਿਚ ਆ ਰਹੀ ਹੈ। ਮਿਸ਼ੇਲ ਨੇ ਇਕ ਪ੍ਰੈਸ ਰਿਲੀਜ਼ ਵਿਚ ਕਿਹਾ ਕਿ ਉਸ ਦਾ ਧਿਆਨ ਭਵਿੱਖ ਵਿਚ ਐਬਟਸਫੋਰਡ ਨੂੰ ਅੱਗੇ ਲਿਜਾਣ ਤੇ ਆਰਥਿਕ ਵਿਕਾਸ ਨੂੰ ਸਭ ਤੋਂ ਅੱਖੇ ਰੱਖਣ 'ਤੇ ਹੋਵੇਗਾ।

ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵੱਲੋਂ ਸਜਾਇਆ ਗਿਆ ਮੀਰੀ ਪੀਰੀ ਨਗਰ ਕੀਰਤਨ

ਸਰੀ (ਹਰਦਮ ਮਾਨ)-ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਮੀਰੀ ਪੀਰੀ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸਵੇਰੇ ਅੱਠ ਵਜੇ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਇਆ। ਵੱਖ ਵੱਖ ਪੜਾਵਾਂ ਤੋਂ ਗੁਜ਼ਰਦਾ ਹੋਇਆ ਨਗਰ ਕੀਰਤਨ ਠੀਕ ਦੋ ਵਜੇ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਪੰਡਾਲ ਵਿੱਚ ਪਹੁੰਚ ਗਿਆ। ਜਿੱਥੇ ਅਰਦਾਸ ਕਰਨ ਉਪਰੰਤ ਪ੍ਰਸਿੱਧ ਢਾਡੀ ਜਥੇ ਅਤੇ ਕਵੀਸ਼ਰਾਂ ਨੇ ਮੀਰੀ ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਤਿਹਾਸਕ ਪ੍ਰਸੰਗ ਦਾ ਗੁਣਗਾਣ ਕੀਤਾ। ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿਚ ਸ਼ਰਧਾਲੂ ਨਗਰ ਕੀਰਤਨ ਵਿਚ ਸ਼ਾਮਲ ਹੋਏ। ਕਈ ਸ਼ਰਧਾਲੂਆਂ ਨੇ ਹੱਥਾਂ ਵਿਚ 'ਖਾਲਿਸਤਾਨ ਜ਼ਿੰਦਾਬਾਦ' ਦੇ ਬੈਨਰ ਫੜੇ ਹੋਏ ਸਨ। ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਪੰਡਾਲ ਵਿਚ ਵੱਖ ਵੱਖ ਪਕਵਾਨਾਂ ਦੇ ਸਟਾਲ ਲਾਏ ਗਏ ਸਨ।

ਕਤਲ ਹੋਈ ਕਮਲਜੀਤ ਸੰਧੂ ਦੇ ਪਰਿਵਾਰ ਲਈ ਗੋਫੰਡਮੀ ਸ਼ੁਰੂ

ਐਬਟਸਫੋਰਡ-ਇਥੋਂ ਦੀ ਵਾਸੀ ਕਮਲਜੀਤ ਸੰਧੂ ਜਿਸ ਦਾ ਕਤਲ ਕੀਤਾ ਗਿਆ ਸੀ ਦੇ ਪਰਿਵਾਰ ਦੀ ਸਹਾਇਤਾ ਲਈ ਗੋਫੰਡਮੀ ਸ਼ੁਰੂ ਕੀਤਾ ਗਿਆ ਹੈ। 45 ਸਾਲਾ ਸੰਧੂ 28 ਜੁਲਾਈ ਨੂੰ ਘਰ ਵਿਖੇ ਹੋਏ ਹਮਲੇ ਵਿਚ ਮਾਰੀ ਗਈ ਸੀ ਅਤੇ ਉਹ ਆਪਣੇ ਪਿੱਛੇ ਦੋ ਬੱਚੇ ਛੱਡ ਗਈ ਹੈ। 45 ਸਾਲਾ ਕਮਲਜੀਤ ਸੰਧੂ ਦੀ ਯਾਦ ਵਿਚ ਫੰਡਰੇਜ਼ਿੰਗ ਪੇਜ਼ ਵਿਚ ਸੰਕੇਤ ਦਿੱਤਾ ਕਿ ਉਸ ਨੇ ਆਰਬੀਸੀ ਦੀ ਸੇਵਨਓਕਸ ਬਰਾਂਚ ਵਿਖੇ ਪਿਛਲੇ ਸਾਲ ਕੰਮ ਕੀਤਾ ਸੀ। ਪੇਜ ਕਹਿੰਦਾ ਹੈ ਕਿ ਉਹ ਸਾਡੇ ਫਰੰਟ ਲਾਈਨ ਦੇ ਮਾਹਿਰ ਸਲਾਹਕਾਰਾਂ ਵਿਚੋਂ ਇਕ ਸੀ ਅਤੇ ਉਸ ਨੇ ਸਾਡੇ ਸਾਰੇ ਗਾਹਕਾਂ ਦੀ ਦੇਖਭਾਲ ਤੇ ਹਮਦਰਦੀ ਨਾਲ ਅਗਵਾਈ ਕੀਤੀ ਅਤੇ ਸਟਾਫ ਨਾਲ ਪੂਰੇ ਠਰੰਮੇ ਨਾਲ ਕੰਮ ਕੀਤਾ। ਵਿਅਕਤੀਆਂ ਨੂੰ ਸਿਖਾਉਣ ਤੇ ਸਲਾਹ ਦੇਣ ਵਿਚ ਮਦਦ ਕੀਤੀ। ਉਸ ਦੇ ਕਤਲ ਲਈ ਸੰਧੂ ਦੇ ਪਤੀ ਇੰਦਰਜੀਤ 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ ਜਿਸ ਤੋਂ ਉਸ ਦੇ ਦੋ 16 ਸਾਲ ਤੇ 21 ਸਾਲ ਦੇ ਬੱਚੇ ਹਨ। ਇੰਦਰਜੀਤ ਮੌਜੂਦਾ ਸਮੇਂ ਹਿਰਾਸਤ ਵਿਚ ਹੈ ਅਤੇ ਐਬਟਸਫੋਰਡ ਦੀ ਅਦਾਲਤ ਵਿਚ ਉਸ ਦੀ 19 ਅਗਸਤ ਨੂੰ ਪੇਸ਼ੀ ਹੈ।

ਵਿਦਿਆਰਥੀਆਂ ਨਾਲ ਨਿੱਜੀ ਹੱਦਾਂ ਪਾਰ ਕਾਰਨ ਵਾਲਾ ਚਿਲੀਵੈਕ ਦਾ ਅਧਿਆਪਕ ਮੁਅੱਤਲ

ਸਰੀ-ਵਿਦਿਆਰਥੀਆਂ ਨਾਲ ਨਿੱਜੀ ਹੱਦਾਂ ਪਾਰ ਕਰਨ ਵਾਲੇ ਚਿਲੀਵੈਕ ਦੇ ਅਧਿਆਪਕ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਸ਼ੇਲਡਨ ਲਾਇਲ ਨਿਕਲ ਨੇ ਨਿੱਜੀ ਟੈਕਸਟ ਮੈਸੇਜਸ ਭੇਜਣ ਸਮੇਤ ਅਣਉਚਿੱਤ ਵਿਵਹਾਰ ਦੀ ਗੱਲ ਸਵੀਕਾਰ ਕਰ ਲਈ ਹੈ। ਉਸ ਨੂੰ ਇਕ ਮਹੀਨੇ ਲਈ ਮੁਅੱਤਲ ਕੀਤਾ ਗਿਆ ਹੈ। ਟੀਚਰ ਰੈਗੂਲੇਸ਼ਨ ਬਾਰੇ ਬੀਸੀ ਦੇ ਕਮਿਸ਼ਨਰ ਦਾ ਫ਼ੈਸਲਾ ਸ਼ੇਲਡਨ ਲਾਇਲ ਨਿਕਲ ਨੇ ਸਵੀਕਾਰ ਕਰ ਲਿਆ ਹੈ। ਉਸ ਨੇ ਸਵੀਕਾਰ ਕੀਤਾ ਕਿ ਉਸ ਦੀਆਂ ਕਾਰਵਾਈਆਂ ਅਣਉਚਿੱਤ ਸਨ। ਨਿਕਲ ਅਗਸਤ 2020 ਵਿਚ ਸੈਕੰਡਰੀ ਸਕੂਲ ਟੀਚਰ ਵਜੋਂ ਕੰਮ ਕਰਦਾ ਸੀ ਜਦੋਂ ਇਕ ਯੂਥ ਕੇਅਰ ਵਰਕਰ ਨੇ ਉਸ ਦੇ ਖਿਲਾਫ ਸ਼ਿਕਾਇਤ ਕੀਤੀ ਸੀ।

WIDE RANGE
DIVERSE DEBT
SOLUTIONS

778-998-9402

ਕੀ ਤੁਸੀ ਕਰਜੇ ਤੋਂ ਪ੍ਰੇਸ਼ਾਨ ਹੋ ?
ਮੁਫ਼ਤ ਸਲਾਹ ਅਤੇ ਮਿਲਣ ਲਈ
ਅੱਜ ਹੀ ਕਾਲ ਕਰੋ

WE CAN HELP WITH :
- Retail Store Cards
- Bank Overdraft
- GST/PST Debt
- Student Loans
- Foreclosure
- Bankruptcy
- Any Business or Personal Loans
- Credit Cards
- Line of Credit
- Pay Day Loans
- CRA Debt

info@diversedebt.ca
www.diversedebt.ca

Kulwinder Kaur
778-998-9402

ਤਜਰਬਾ - ਇਮਾਨਦਾਰੀ - ਨਤੀਜੇ

HUGHES & COMPANY

LAW CORPORATION

HUGHES & COMPANY
LAW CORPORATION
www.hughesco.com

EXPERIENCE • INTEGRITY • RESULTS

CEDRIC HUGHES
LAWYER
Over 20 years serving the community

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION

4.9 STAR Google REVIEW !

Link! hughesco.com for reviews

604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY *(BY APPOINTMENT PLEASE)*
Email: cedric_hughes@hughesco.com

***AND** Service provided at Business Centres throughout the Fraser Valley and British Columbia.*

Remote Location? No Problem. We will come to you !

ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ

COMPLETE
PEST
CONTROL

ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:

- ਕੀੜੀਆਂ
- ਬੈੱਡ ਬੱਗ ਕੰਟਰੋਲ
- ਪੰਛੀ ਨਿਯੰਤਰਣ
- ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
- ਕਾਕਰੋਚ
- ਫਲੀਜ਼ ਅਤੇ ਟਿੱਕਸ
- ਰਕੂਨ ਅਤੇ ਗਿਲਹਿਰਿਆਂ
- ਚੂਹਿਆਂ ਤੋਂ ਬਚਾਅ
- ਮੱਕੜੀਆਂ ਤੋਂ ਬਚਾਅ
- ਜੰਗਲੀ ਜੀਵਾਂ ਤੋਂ ਬਚਾਅ

ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ ਦੇ ਡਾਇਰੈਕਟਰਾਂ ਦੀ ਐਨਡੀਪੀ ਦੇ ਪ੍ਰਧਾਨ ਜਗਮੀਤ ਸਿੰਘ ਨਾਲ ਮੀਟਿੰਗ

ਕੈਨੇਡਾ 'ਚ ਕੌਮੀ ਪੱਧਰ 'ਤੇ ਮਾਂ ਬੋਲੀ ਪੰਜਾਬੀ ਨੂੰ ਮਾਨਤਾ ਦੁਆਉਣ ਦਾ ਮਸਲਾ

ਸਰੀ (ਹਰਦਮ ਮਾਨ)-ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਦੇ ਇਕ ਵਫ਼ਦ ਨੇ ਬੀਤੇ ਦਿਨ ਐਨਡੀਪੀ ਦੇ ਰਾਸ਼ਟਰੀ ਪ੍ਰਧਾਨ ਜਗਮੀਤ ਸਿੰਘ ਨਾਲ ਮੀਟਿੰਗ ਕਰਕੇ ਕੈਨੇਡਾ ਵਿਚ ਕੌਮੀ ਪੱਧਰ 'ਤੇ ਮਾਂ ਬੋਲੀ ਪੰਜਾਬੀ ਨੂੰ ਮਾਨਤਾ ਦੁਆਉਣ ਦਾ ਮਸਲਾ ਉਠਾਉਣ ਦੀ ਅਪੀਲ ਕੀਤੀ। ਇਸ ਵਫ਼ਦ ਵਿਚ ਬਲਵੰਤ ਸਿੰਘ ਸੰਘੇੜਾ, ਸਾਧੂ ਬਿਨਿੰਗ, ਰਾਜਿੰਦਰ ਪੰਧੇਰ, ਰਨਵੀਰ ਜੌਹਲ, ਪਾਲ ਬਿਨਿੰਗ, ਕਮਲਜੀਤ ਕੰਬੋ ਅਤੇ ਹਰਮਨ ਪੰਧੇਰ ਸ਼ਾਮਲ ਸਨ। ਇਹ ਜਾਣਕਾਰੀ ਦਿੰਦਿਆਂ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਕਿ ਪਲੀਅ ਦੇ ਵਫ਼ਦ ਨੇ ਜਗਮੀਤ ਸਿੰਘ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਲੀਅ ਵੱਲੋਂ ਤਕਰੀਬਨ 30 ਸਾਲ ਤੋਂ ਮਾਂ ਬੋਲੀ ਪੰਜਾਬੀ ਦੀ ਉੱਨਤੀ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਕੋਸ਼ਿਸ਼ਾਂ ਨੂੰ ਭਾਈਚਾਰੇ ਵੱਲੋਂ ਵੀ ਕਾਫੀ ਭਰਵਾਂ ਹੁੰਗਾਰਾ ਮਿਲਦਾ ਰਿਹਾ ਹੈ। ਸਾਡੇ ਭਾਈਚਾਰੇ ਦੀ ਗਿਣਤੀ ਵਧਣ ਕਾਰਨ ਇਸ ਵੇਲੇ ਕਾਫੀ ਸ਼ਹਿਰਾਂ ਵਿਚ ਪੰਜਾਬੀ ਰੁਜਗਾਰ ਦੀ ਭਾਸ਼ਾ ਵੀ ਬਣ ਗਈ ਹੈ ਅਤੇ ਕਾਫੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਪੰਜਾਬੀ ਦੀਆਂ ਕਲਾਸਾਂ ਚਾਲੂ ਹਨ। ਇਸ ਤੋਂ ਇਲਾਵਾ ਹਸਪਤਾਲਾਂ, ਸਿਟੀ ਹਾਲਾਂ, ਬੈਂਕਾਂ, ਕਰੈਡਿਟ ਯੂਨੀਅਨਾਂ ਅਤੇ ਕਾਰੋਬਾਰਾਂ ਵਿਚ ਅਸੀਂ ਪੰਜਾਬੀ ਬੋਲਦੇ ਹਾਂ ਦੇ ਸਾਈਨ ਲੱਗੇ ਹੋਏ ਹਨ। ਵੈਨਕੂਵਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵੀ ਪੰਜਾਬੀ ਵਿਚ ਲਿਖੇ ਬੋਰਡ ਪੰਜਾਬੀ ਦੀ ਸ਼ੋਭਾ ਵਧਾਉਂਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਲੀਅ ਦੀਆਂ ਅਤੇ ਭਾਈਚਾਰੇ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਪੰਜਾਬੀ ਨੇ ਕੈਨੇਡਾ ਅਤੇ ਖਾਸ ਕਰ ਕੇ ਬੀ.ਸੀ. ਵਿਚ ਕਾਫੀ ਵਿਕਾਸ ਕੀਤਾ ਹੈ ਪਰ ਹਾਲੇ ਵੀ ਇਸ ਸੰਬੰਧੀ ਬਹੁਤ ਕੁਝ ਹੋਰ ਕਰਨ ਦੀ ਲੋੜ ਹੈ। ਜਗਮੀਤ ਸਿੰਘ ਨੂੰ ਵਫ਼ਦ ਨੇ ਦੱਸਿਆ ਕਿ ਇਸ ਮੁਲਾਕਾਤ ਦਾ ਮੁੱਖ ਉਦੇਸ਼ ਪਲੀਅ ਦੇ ਲੰਬੇ ਸਮੇਂ ਦੇ ਟੀਚਿਆਂ ਵਿੱਚੋਂ ਇੱਕ ਹੈ ਕਿ ਕੈਨੇਡਾ ਭਰ ਵਿੱਚ ਲੱਖਾਂ ਕੈਨੇਡੀਅਨਾਂ ਦੁਆਰਾ ਬੋਲੀਆਂ ਜਾਣ ਵਾਲੀਆਂ ਪੰਜਾਬੀ ਅਤੇ ਹੋਰ ਪ੍ਰਮੁੱਖ ਸਵਦੇਸ਼ੀ ਭਾਸ਼ਾਵਾਂ ਨੂੰ ਹੁਣ 'ਵਿਦੇਸ਼ੀ' ਭਾਸ਼ਾਵਾਂ ਵਜੋਂ ਨਾ ਦੇਖਿਆ ਜਾਵੇ। ਇਨ੍ਹਾਂ ਭਾਸ਼ਾਵਾਂ ਨੂੰ ਮਾਨਤਾ ਦੇਣ ਦਾ ਕਾਰਜ ਲੰਬੇ ਸਮੇਂ ਤੋਂ ਬਕਾਇਆ ਪਿਆ ਹੈ ਅਤੇ ਹੁਣ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਜਗਮੀਤ ਸਿੰਘ ਨੇ ਫਾਲੋ-ਅੱਪ ਕਰਨ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਕੁਝ ਸੁਝਾਅ ਦਿੱਤੇ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਆਪਣੇ ਚੁਣੇ ਹੋਏ ਲੀਡਰਾਂ ਨੂੰ ਪਟੀਸ਼ਨਾਂ, ਚਿੱਠੀਆਂ ਅਤੇ ਫ਼ੋਨ ਕਾਲਾਂ ਆਦਿ ਰਾਹੀਂ ਲਾਮਬੰਦ ਕਰਨਾ ਮਹੱਤਵਪੂਰਨ ਹੋਵੇਗਾ ਕਿਉਂਕਿ ਸਿਆਸਤਦਾਨ ਅਤੇ ਸਰਕਾਰਾਂ ਜਨਤਕ ਦਬਾਅ ਅੱਗੇ ਹੀ ਠੋਸ ਜਵਾਬ ਦਿੰਦੀਆਂ ਹਨ। ਉਨ੍ਹਾਂ ਇਸ ਕਾਰਜ ਲਈ ਅਜਿਹੀ ਦਿਲਚਸਪੀ ਰੱਖਣ ਵਾਲੇ ਹੋਰਨਾਂ ਭਾਈਚਾਰਿਆਂ ਨੂੰ ਵੀ ਬੋਰਡ ਵਿੱਚ ਸ਼ਾਮਲ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਓਟਵਾ ਵਿੱਚ ਫੈਸਲਾ ਲੈਣ ਵਾਲਿਆਂ ਨੂੰ ਭਾਸ਼ਾ ਕਾਨੂੰਨਾਂ ਵਿੱਚ ਢੁੱਕਵੀਆਂ ਤਬਦੀਲੀਆਂ ਕਰਵਾਉਣ ਲਈ ਉਹ ਖ਼ੁਦ ਵੀ ਸਰਕਾਰ ਤੱਕ ਆਵਾਜ਼ ਪਹੁੰਚਾਉਣਗੇ।

ਟੈਕਸ ਚੋਰੀ ਦੇ ਦੋਸ਼ ਵਿਚ 3 ਚੀਨੀ ਮੋਬਾਈਲ ਕੰਪਨੀਆਂ ਨੂੰ ਨੋਟਿਸ

ਨਵੀਂ ਦਿੱਲੀ-ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਰਾਜ ਸਭਾ ਵਿੱਚ ਕਿਹਾ ਹੈ ਕਿ ਸਰਕਾਰ ਨੇ ਚੀਨ ਦੀਆਂ ਤਿੰਨ ਮੋਬਾਈਲ ਫ਼ੋਨ ਕੰਪਨੀਆਂ ਨੂੰ ਟੈਕਸ ਚੋਰੀ ਦਾ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਵਿੱਚ ਓਪੋ, ਵੀਵੋ ਇੰਡੀਆ ਅਤੇ ਸ਼ਾਓਮੀ ਸ਼ਾਮਲ ਹਨ। ਸੀਤਾਰਮਨ ਨੇ ਪ੍ਰਸ਼ਨ ਕਾਲ ਦੌਰਾਨ ਸਵਾਲਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਤਿੰਨ ਚੀਨੀ ਕੰਪਨੀਆਂ ਨੂੰ ਨੋਟਿਸ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਰੈਵਿਨਿਊ ਸੂਚਨਾ ਵਿਭਾਗ (ਡੀ ਆਰ ਆਈ) ਨੇ ਮੋਬਾਇਲ ਫੋਨ ਕੰਪਨੀ ਓਪੋ ਨੂੰ ਕੁਲ 4,389 ਕਰੋੜ ਰੁਪਏ ਦੇ ਸੀਮਾ ਟੈਕਸ ਦਾ ਨੋਟਿਸ ਦਿੱਤਾ ਹੈ। ਸੀਤਾਰਮਨ ਨੇ ਕਿਹਾ ਕਿ ਡੀ ਆਰ ਆਈ ਨੇ ਮੋਬਾਈਲ ਫੋਨ ਕੰਪਨੀ ਓਪੋ ਨੂੰ ਕੁਲ 4,389 ਕਰੋੜ ਰੁਪਏ ਦੇ ਕਸਟਮ ਡਿਊਟੀ ਲਈ ਨੋਟਿਸ ਜਾਰੀ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇੱਕ ਅਨੁਮਾਨ ਮੁਤਾਬਕ ਟੈਕਸ ਚੋਰੀ ਲੱਗਭਗ 2,981 ਕਰੋੜ ਰੁਪਏ ਹੋਈ ਹੈ। ਉਨ੍ਹਾ ਕਿਹਾ ਕਿ ਕਸਟਮ ਡਿਊਟੀ ਦੇ ਭੁਗਤਾਨ ਲਈ ਇੰਪੋਰਟ ਉਤਪਾਦਾਂ ਦੇ ਘੱਟ ਮੁਲਾਂਕਣ ਤੋਂ ਸਾਨੂੰ ਲੱਗਾ ਹੈ ਕਿ 1,408 ਕਰੋੜ ਰੁਪਏ ਦੀ ਟੈਕਸ ਚੋਰੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਸਵੈ-ਇੱਛਾ ਨਾਲ 450 ਕਰੋੜ ਰੁਪਏ ਜਮ੍ਹਾ ਕਰਨ ਲਈ ਅੱਗੇ ਆਏ ਹਨ, ਜੋ 4,389 ਕਰੋੜ ਰੁਪਏ ਦੀ ਮੰਗ ਕੀਤੀ ਤੁਲਨਾ ਵਿੱਚ ਕਾਫੀ ਘੱਟ ਹੈ। ਉਨ੍ਹਾਂ ਨੇ ਹੋਰ ਕੰਪਨੀਆਂ ਦਾ ਜ਼ਿਕਰ ਹੋਏ ਕਿਹਾ ਕਿ ਸ਼ਾਓਮੀ ਇੱਕ ਹੋਰ ਮੋਬਾਈਲ ਫ਼ੋਨ ਕੰਪਨੀ ਹੈ ਜੋ 'ਅਸੈਂਬਲ' ਕੀਤੇ ਗਏ ਐਮ ਆਈ ਮੋਬਾਇਲ ਫੋਨ ਨਾਲ ਸਬੰਧਤ ਹੈ।

ਮੇਰੇ ਫ਼ਲੈਟਾਂ ਵਿਚ ਪੈਸਾ ਤੇ ਸੋਨਾ ਮੇਰੀ ਜਾਣਕਾਰੀ ਦੇ ਬਿਨਾਂ ਰੱਖਿਆ ਗਿਆ-ਅਰਪਿਤਾ ਮੁਖਰਜੀ

ਕੋਲਕਾਤਾ-ਤ੍ਰਿਣਮੂਲ ਕਾਂਗਰਸ ਦੇ ਸਾਬਕਾ ਨੇਤਾ ਪਾਰਥ ਚੈਟਰਜੀ ਦੀ ਕਰੀਬੀ ਸਹਿਯੋਗੀ ਅਰਪਿਤਾ ਮੁਖਰਜੀ ਨੇ ਕਿਹਾ ਕਿ ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਉਨ੍ਹਾਂ ਦੇ ਫ਼ਲੈਟਾਂ ਵਿੱਚੋਂ ਜੋ ਰਕਮ ਬਰਾਮਦ ਕੀਤੀ ਹੈ, ਉਹ ਉਸ ਦੀ ਜਾਣਕਾਰੀ ਦੇ ਬਿਨਾਂ ਉਸ ਦੀ ਰਿਹਾਇਸ਼ ਵਿੱਚ ਰੱਖੀ ਗਈ ਸੀ। ਅਰਪਿਤਾ ਮੁਕਰਜੀ ਨੇ ਕਿਹਾ ਪੈਸਾ ਮੇਰਾ ਨਹੀਂ, ਮੇਰੀ ਗ਼ੈਰ-ਮੌਜੂਦਗੀ ਵਿੱਚ ਰੱਖਿਆ ਗਿਆ ਸੀ। ਟੀਚਰ ਭਰਤੀ ਘਪਲੇ ਦੀ ਜਾਂਚ ਦੇ ਸਿਲਸਿਲੇ ਵਿੱਚ ਈ ਡੀ ਨੇ ਅਰਪਿਤਾ ਨੂੰ ਵੀ ਗ੍ਰਿਫ਼ਤਾਰ ਕੀਤਾ ਹੋਇਆ ਹੈ। ਈ ਡੀ ਅਧਿਕਾਰੀਆਂ ਨੇ ਦੱਖਣੀ-ਪੱਛਮੀ ਕੋਲਕਾਤਾ ਅਤੇ ਬੇਲਘੋਰੀਆ ਵਿੱਚ ਅਰਪਿਤਾਂ ਦੇ ਦੋ ਫ਼ਲੈਟਾਂ ਤੋਂ ਸੋਨੇ ਦੇ ਗਹਿਣਿਆਂ ਦੇ ਨਾਲ 50 ਕਰੋੜ ਰੁਪਏ ਨਕਦੀ ਫੜੇ ਹਨ। ਸਾਬਕਾ ਮੰਤਰੀ ਪਾਰਥ ਚੈਟਰਜੀ ਅਤੇ ਅਰਪਿਤਾ ਮੁਕਰਜੀ ਦੋਹਾਂ ਨੂੰ ਦਿਨ ਵਿੱਚ ਮੈਡੀਕਲ ਜਾਂਚ ਲਈ ਸ਼ਹਿਰ ਦੇ ਦੱਖਣੀ ਬਾਹਰੀ ਖੇਤਰ ਵਿੱਚ ਈ ਐਸ ਆਈ ਹਸਪਤਾਲ ਲਿਜਾਇਆ ਗਿਆ ਤਾਂ ਅਰਪਿਤਾ ਨੇ ਇੱਕ ਗੱਡੀ ਵਿੱਚੋਂ ਉਤਰਨ ਵੇਲੇ ਪੱਤਰਕਾਰਾਂ ਨੂੰ ਕਿਹਾ ਕਿ ਮੇਰੀ ਜਾਣਕਾਰੀ ਦੇ ਬਿਨਾਂ ਮੇਰੇ ਘਰ ਵਿੱਚ ਪੈਸਾ ਰੱਖਿਆ ਗਿਆ। ਇਸ ਤੋਂ ਪਹਿਲਾਂ ਪਾਰਥ ਚੈਟਰਜੀ ਨੇ ਕਿਹਾ ਸੀ ਕਿ ਉਹ ਸਾਜ਼ਿਸ਼ ਦਾ ਸ਼ਿਕਾਰ ਹੋਏ ਹਨ। ਮੰਤਰੀ ਅਹੁਦੇ ਤੋਂ ਹਟਾ ਕੇ ਤ੍ਰਿਣਮੂਲ ਕਾਂਗਰਸ ਤੋਂ ਸਸਪੈਂਡ ਕੀਤੇ ਜਾਣ ਦੇ ਫ਼ੈਸਲੇ ਉੱਤੇ ਵੀ ਪਾਰਥ ਚੈਟਰਜੀ ਨੇ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਕਿਹਾ ਸੀ ਕਿ ਉਨ੍ਹਾਂ ਵਿਰੁੱਧ ਇਹ ਕਾਰਵਾਈ ਉਚਿਤ ਸੀ ਜਾਂ ਨਹੀਂ, ਸਮਾਂ ਦੱਸੇਗਾ। ਚੈਟਰਜੀ ਅਤੇ ਅਰਪਿਤਾ ਮੁਖਰਜੀ, ਦੋਹਾਂ ਨੇ ਕਿਹਾ ਹੈ ਕਿ ਬਰਾਮਦ ਹੋਇਆ ਪੈਸਾ ਉਨ੍ਹਾਂ ਦਾ ਨਹੀਂ।

ਕੈਨੇਡਾ ਦੀ ਫੀਲਡ ਹਾਕੀ ਅੰਡਰ-18 ਦਾ ਨੈਸ਼ਨਲ ਟੂਰਨਾਮੈਂਟ : ਨੈਸ਼ਨਲ ਫੀਲਡ ਹਾਕੀ ਦਾ ਫਾਈਨਲ ਬ੍ਰਿਟਿਸ਼ ਕੋਲੰਬੀਆ ਦੀ ਟੀਮ ਨੇ ਜਿੱਤਿਆ

ਸਰੀ-ਕੈਨੇਡਾ ਦੀ ਫੀਲਡ ਹਾਕੀ ਅੰਡਰ 18 ਦਾ ਨੈਸ਼ਨਲ ਟੂਰਨਾਮੈਂਟ ਟਮੈਨਵਿਸ ਹਾਕੀ ਗਰਾਊਂਡ ਸਰੀ ਬੀਸੀ ਟੀਮ ਅਤੇ ਓਨਟੈਰੀਓ ਦੀ ਟੀਮ ਵਿੱਚ ਹੋਇਆ, ਜਿਸ ਵਿਚ ਬੀ ਸੀ ਦੀ ਟੀਮ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ। ਬੇਹੱਦ ਦਿਲਚਸਪ ਅਤੇ ਫਸਵੇਂ ਮੈਚ ਵਿੱਚ ਸ਼ੂਟ ਆਊਟ ਰਾਹੀਂ ਇਹ ਜਿੱਤ ਬੀਸੀ ਨੇ ਦਰਜ ਕਰਵਾਈ, ਜਿਸ ਦੇ ਖਿਡਾਰੀਆਂ ਪਰਮਵੀਰ ਸਿੰਘ ਬਸਰਾ, ਗੁਰਬੀਰ ਸਿੰਘ ਮਘੇੜਾ, ਮਹਿਤਾਬ ਸਿੰਘ ਗਿੱਲ, ਅਕਾਲਜੋਤ ਸਿੰਘ ਤੇ ਸਤਪ੍ਰੀਤ ਸਿੰਘ ਢੱਡਾ, ਜੈਦੀਪ ਸਪਾਲ, ਚੇਤਨ ਸਿੰਘ ਮਾਨ ਮਨਰਾਜ ਸਿੰਘ ਧਾਲੀਵਾਲ, ਡੰਕਨ ਰੌਸ, ਨੋਆ ਲੂਈ ਅਲੈਗਜ਼ੈਂਡਰ ਮੂਰ, ਕੇਰਨ ਰੌਬਿਨ ਐੱਸਟਰਿਜ਼ ਸਿਕਲੇਅਰ, ਵਿਜੈ ਅੰਬਾਨੀ ਤੇ ਬਰੁੱਕਲਿਨ ਅਰਨਹਾ ਸਮੇਤ ਦੋਵੇਂ ਟੀਮਾਂ ਬਹੁਤ ਵਧੀਆ ਖੇਡੀਆਂ। ਬ੍ਰਿਟਿਸ਼ ਕੋਲੰਬੀਆ ਫੀਲਡ ਹਾਕੀ ਟੀਮ ਦੇ ਗੋਲੀ ਰਹਿਮਤ ਸਿੰਘ ਧਾਲੀਵਾਲ ਨੇ ਗੋਲੀ ਵਜੋਂ ਬਣਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਜਿਸ ਦੀ ਦਰਸ਼ਕਾਂ ਅਤੇ ਕੋਚਾਂ ਨੇ ਭਰਪੂਰ ਪ੍ਰਸੰਸਾ ਕੀਤੀ। ਬੀਸੀ ਟੀਮ ਦੇ ਕੋਚਾਂ ਜੌਹਨ ਸੀਕਰੇ, ਅੰਮ੍ਰਿਤ ਸਿੰਘ ਸਿੱਧੂ ਅਤੇ ਕੈਂਟ ਮਕੈਨਨ ਸਮੇਤ ਦੋਵੇਂ ਟੀਮਾਂ ਪ੍ਰਬੰਧਕਾਂ ਅਤੇ ਮਾਪਿਆਂ ਨੂੰ ਬਹੁਤ ਬਹੁਤ ਵਧਾਈਆਂ। ਮੈਚ ਸਮਾਪਤੀ 'ਤੇ ਬੀ ਸੀ ਦੀ ਫੀਲਡ ਹਾਕੀ ਟੀਮ ਦੇ ਖਿਡਾਰੀਆਂ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ, ਜਦਕਿ ਓਂਟੈਰੀਓ ਨੂੰ ਚਾਂਦੀ ਦੇ ਤਮਗੇ ਦਿੱਤੇ ਗਏ।

ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ ਨਹੀਂ ਕੀਤਾ ਜਾਵੇਗਾ

ਨਵੀਂ ਦਿੱਲੀ-ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਦੌਰਾਨ ਰਾਜ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕੱਲ੍ਹ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਬਦਲਣ ਦੀ ਤਜਵੀਜ਼ ਬਾਰੇ ਪੁੱਛਿਆ ਤਾਂ ਕੇਂਦਰੀ ਸਿੱਖਿਆ ਰਾਜ ਮੰਤਰੀ ਡਾ. ਸੁਭਾਸ਼ ਸਰਕਾਰ ਨੇ ਸਾਫ ਕਿਹਾ ਕਿ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਦੀ ਕੋਈ ਯੋਜਨਾ ਨਹੀਂ ਹੈ। ਸਾਹਨੀ ਨੇ ਪੁੱਛਿਆ ਕਿ ਕੀ ਮੰਤਰਾਲਾ ਪੰਜਾਬ ਯੂਨੀਵਰਸਿਟੀ ਦੇ ਰੁਤਬੇ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਬਦਲਣ ਦੀ ਯੋਜਨਾ ਬਣਾ ਰਿਹਾ ਹੈ ਅਤੇ ਜੇ ਅਜਿਹੀ ਮਨਸ਼ਾ ਹੈ ਤਾਂ ਇਸ ਬਾਰੇ ਵੇਰਵੇ ਦੱਸੇ ਜਾਣ। ਇਹ ਯੂਨੀਵਰਸਿਟੀ ਪੰਜਾਬ ਯੂਨੀਵਰਸਿਟੀ ਐਕਟ 1947 ਹੇਠ ਬਣਾਈ ਗਈ ਸੀ ਤੇ ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਦੀ 72 ਧਾਰਾ ਦੀ ਵਿਵਸਥਾ ਤਹਿਤ ਇਹ ਅੰਤਰ ਰਾਜੀ ਸੰਸਥਾ ਹੈ। ਵਰਨਣ ਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਯੂਨੀਵਰਸਿਟੀ ਦਾ ਕੇਂਦਰੀਕਰਨ ਨਾ ਕੀਤੇ ਜਾਣ ਬਾਰੇ ਕੇਂਦਰ ਸਰਕਾਰ ਨੂੰ ਚਿੱਠੀ ਲਿਖੀ ਸੀ ਅਤੇ ਕੇਂਦਰ ਅੱਗੇ ਮਜ਼ਬੂਤੀ ਨਾਲ ਪੰਜਾਬ ਦਾ ਪੱਖ ਰੱਖਿਆ ਸੀ। ਪੰਜਾਬ ਵਿਧਾਨ ਸਭਾ ਵਿੱਚ ਵੀ ਇਸ ਬਾਰੇ ਮਤਾ ਪਾਸ ਕੀਤਾ ਗਿਆ ਸੀ।

ਗੁਰਪਤਵੰਤ ਪੰਨੂ ਵੱਲੋਂ ਹਿਮਾਚਲ ਦੇ ਮੁੱਖ ਮੰਤਰੀ ਨੂੰ ਨਵੀਂ ਧਮਕੀ

ਸ਼ਿਮਲਾ-ਭਾਰਤ ਵਿਰੁੱਧ ਗਤੀਵਿਧੀਆਂ ਕਰਨ ਵਾਲੇ ਪਾਬੰਦੀ ਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੂੰ ਫਿਰ ਧਮਕੀ ਦਿੱਤੀ ਅਤੇ 15 ਅਗਸਤ ਨੂੰ ਸੁਤੰਤਰਤਾ ਦਿਵਸ ਮੌਕੇ ਮੁੱਖ ਮੰਤਰੀ ਜੈਰਾਮ ਠਾਕੁਰ ਨੂੰ ਤਿਰੰਗਾ ਝੁਲਾਉਣ ਤੋਂ ਰੋਕਣ ਵਾਲੇ ਲਈ ਇਨਾਮ ਦਾ ਐਲਾਨ ਕੀਤਾ ਹੈ। ਇਸ ਬਾਰੇ ਉਸ ਨੇ ਇੱਕ ਈ-ਮੇਲ ਜਾਰੀ ਕੀਤੀ ਹੈ। ਗੁਰਪਤਵੰਤ ਪੰਨੂ ਨੇ ਇਸ ਐਲਾਨ ਉੱਤੇ ਅਮਲ ਕਰਨ ਵਾਲੇ ਨੂੰ ਸਵਾ ਲੱਖ ਡਾਲਰ ਦੇਣ ਦਾ ਐਲਾਨ ਅਤੇ ਇਸੇ ਦਿਨ ਸ਼ਿਮਲਾ ਵਿੱਚ ਇੱਕ ਵਿਵਾਦਿਤ ਝੰਡਾ ਝੁਲਾਉਣ ਦੀ ਗੱਲ ਕਹੀ ਹੈ। ਉਸ ਨੇ ਕਿਹਾ ਕਿ ਭਵਿੱਖ ਵਿੱਚ ਖਾਲਿਸਤਾਨ ਦੀ ਰਾਜਧਾਨੀ ਸ਼ਿਮਲਾ ਨੂੰ ਬਣਾਇਆ ਜਾਵੇਗਾ। ਇਸ ਤੋਂ ਪਹਿਲਾਂ ਵੀ ਵਿਦੇਸ਼ ਬੈਠਾ ਗੁਰਪਤਵੰਤ ਪੰਨੂ ਸੋਸ਼ਲ ਮੀਡੀਆ ਤੇ ਆਧੁਨਿਕ ਮੀਡੀਆ ਦੇ ਰਾਹੀਂ ਆਮ ਜਨਤਾ, ਪੱਤਰਕਾਰਾਂ ਅਤੇ ਜਨ ਪ੍ਰਤੀਨਿਧਾਂ ਦੇ ਮੁਬਾਈਲ ਨੰਬਰਾਂ ਤੇ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਵਿੱਚ ਧਮਕੀ ਭਰੇ ਸੰਦੇਸ਼ ਭੇਜਦਾ ਰਿਹਾ ਹੈ।

ROHITA PANNU
LAW CORPORATION
BARRISTER & SOLICITOR



SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੌਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
102-9278, 120th Street, Surrey, BC V3V 4W8

Bank Turndown?
Could be just
what you need!

Quick Private Funds

- $10,000 to $1 Million in just 24 Hours
- Up to $5 Million Available

Call today to get started

SANJEEV KATYAL
604.767.5194
Info@katyalmortgage.ca

invis
Canada's Mortgage Experts™

WWW.KATYALMORTGAGE.CA

ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
Always stylish. Always beautiful.
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
Perry
SURREY / DELTA
8385 - 120th Street
604-572-8788
Monday to Saturday
9:00-5:30
Sunday Closed
Butch
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00

ਲੜੀਵਾਰ ਮਹਾਂ ਕਾਵਿ

ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

1318 ਬਾਜਾਂ ਨਾਲ ਬਟੇਰਿਆਂ ਕੀ ਲੜਨਾ, ਟੱਲੀ ਬਿੱਲੀ ਦੇ ਚੂਹਿਆਂ ਪਾਵਣੀ ਕੀ।
ਰਾਹ ਉਨ੍ਹਾਂ ਨੂੰ ਭੱਜਦਿਆਂ ਲੱਭਣੇ ਨਾ, ਤੇਗ ਸਾਡੇ ਅੱਗੇ ਉਠਾਵਣੀ ਕੀ।
ਨਾਲ ਜੋਰੀਂ ਅਸੀਂ ਇਹ ਦੇਸ਼ ਲਿਆ, ਪਠਾਣ ਅੱਗੇ ਬੋਲੇ ਬਾਹਮਣੀ ਕੀ।
ਹਰਚੰਦ ਸਿੰਘਾ ਡੁੱਡੀਆਂ ਨੱਚਣਾ ਕੀ, ਸਿਰੋਂ ਗੰਜੀ ਨੇ ਡੋਰੀ ਗੁੰਦਾਵਣੀ ਕੀ॥

1319 ਖੁਸ਼ਕਿਸਮਤੀ ਇਹ ਤੇ ਆਪਣੀ ਏ, ਉਹ ਆਪੇ ਇੱਧਰ ਨੂੰ ਆਂਵਦੇ ਨੇ।
ਸਮਾਂ ਦੱਸੇਗਾ ਇਹ ਮਰਦੂਦ ਆ ਕੇ, ਇੱਥੋਂ ਫੇਰ ਕਿੱਧਰ ਨੂੰ ਜਾਂਵਦੇ ਨੇ।
ਛੋਟੇ ਸ਼ਹਿਰ ਇਨ੍ਹਾਂ ਨੇ ਮਾਰ ਲਏ, ਮੂਰਖ ਤਾਹੀਂ ਤੇ ਝਾਬੜਾਂ ਪਾਂਵਦੇ ਨੇ।
ਹਰਚੰਦ ਸਿੰਘਾ ਲਵਾਂਗੇ ਗਿਣ ਬਦਲੇ, ਸਾਰੇ ਇੱਕੋ ਕਬਰ ਵਿਚ ਜਾਂਵਦੇ ਨੇ॥

1320 ਅਸੀਂ ਮਰਦ ਮੈਦਾਨੇ ਲੜਨ ਵਾਲੇ, ਸਾਡੇ ਨਾਮ ਨੂੰ ਲਾਜ ਨਾ ਲਾ ਮੀਆਂ।
ਦੇਹ ਹੁਕਮ ਤੇ ਹੋਣ ਤਿਆਰ ਗਾਜ਼ੀ, ਪ੍ਰਚੰਡ ਸਿੰਘਾਂ ਨੂੰ ਦਈਏ ਦਿਖਾ ਮੀਆਂ।
ਰੱਬ ਸਦਾ ਨਾਲ ਬਹਾਦਰਾਂ ਦੇ, ਸਾਡੀ ਕੰਡ ਤੇ ਹੈ ਖੁਦਾ ਮੀਆਂ।
ਹਰਚੰਦ ਸਿੰਘਾ ਅੰਦਰੋਂ ਜਾਨ ਕੰਬੇ, ਮੂੰਹੋਂ ਰਹੇ ਨੇ ਅੱਗ ਬਰਸਾ ਮੀਆਂ॥

1321 ਦੋ ਫੱਟ ਸਿੰਘਾਂ ਦੇ ਅਸੀਂ ਕਰਨੇ, ਤੋਪਾਂ ਮਾਰ ਕੇ ਧਰਤ ਹਿਲਾ ਦੇਣੀ।
ਤਮਾਸ਼ਬੀਨ-ਲੁਟੇਰੇ ਹੋਏ ਕੱਠੇ, ਭਾਜੜ ਉਨ੍ਹਾਂ ਦੇ ਵਿਚ ਹੈ ਪਾ ਦੇਣੀ।
ਸਾਡੇ ਗੱਭਰੂ ਸਰੂਆਂ ਜਿੱਡੇ ਉਚੇ, ਸੌ ਸੌ ਦੀ ਢੇਰੀ ਹੈ ਲਾ ਦੇਣੀ।
ਹਰਚੰਦ ਸਿੰਘਾ ਪਹਿਰ ਦੇ ਵਿਚ ਵੇਖੀਂ, ਧੌਣ ਬੰਦੇ ਦੀ ਅਸਾਂ ਹੈ ਲਾਹ ਦੇਣੀ॥

ਵਜ਼ੀਰ ਖਾਂ ਨੇ ਜੰਗ ਦਾ ਐਲਾਨ ਕਰਨਾ

1322 ਗੱਲਾਂ ਸੁਣ ਕੇ ਸੂਬਾ ਦਲੇਰ ਹੋਇਆ, ਹੋਣ ਲੱਗੀਆਂ ਜੰਗੀ ਤਿਆਰੀਆਂ ਨੇ।
ਲੱਗੇ ਤੋਪਚੀ ਫਿਰ ਚਮਕਾਉਣ ਤੋਪਾਂ, ਪਾਈਆਂ ਹਾਥੀਆਂ ਉਤੇ ਅੰਬਾਰੀਆਂ ਨੇ।
ਚੱਕ ਕਾਠੀਆਂ ਪਾਈਆਂ ਘੋੜਿਆਂ ਤੇ, ਬੰਦੂਕਾਂ ਦੇ ਕੇ ਤੇਲ ਸੁਆਰੀਆਂ ਨੇ।
ਹਰਚੰਦ ਸਿੰਘਾ ਸਾਹਣ 'ਚੋਂ ਅੱਗ ਝਰਦੀ, ਲਾਈਆਂ ਉਨ੍ਹਾਂ ਦੇ ਉਤੇ ਕਟਾਰੀਆਂ ਨੇ॥

1324 ਜ਼ਿਗ੍ਹਾ ਪਹਿਨ ਕੇ ਕੱਜੇ ਸਰੀਰ ਸਾਰੇ, ਨਾਲ ਆਕੜਾਂ ਸ਼ੈਲ ਜਵਾਨ ਚੱਲੇ।
ਆਇਆ ਸ਼ਹਿਰ ਉਨ੍ਹਾਂ ਨੂੰ ਵੇਖਣੇ ਨੂੰ, ਮੁੰਡੇ ਦਰਸ਼ਨੀ ਨਾਲ ਸੀ ਸ਼ਾਨ ਚੱਲੇ।
ਆਪੋ-ਆਪਣੀ ਫੌਜ ਨੂੰ ਨਾਲ ਲੈ ਕੇ, ਸੱਯਦ, ਮੋਮਨ, ਮੁਗਲ ਪਠਾਣ ਚੱਲੇ।
ਹਰਚੰਦ ਸਿੰਘਾ ਜ਼ੋਰ ਦਿਖਾਵਣੇ ਨੂੰ, ਅਖਾੜੇ ਵੱਲ ਨੂੰ ਜਿਵੇਂ ਭਲਵਾਨ ਚੱਲੇ॥

1325 ਖਾਧੇ ਦੂੰਬੇ, ਨਾਨ, ਕਵਾਬ, ਕੁਲਚੇ, ਵਾਂਗ ਸਾਨ੍ਹਾਂ ਦੇ ਗਰਦਨਾਂ ਭਾਰੀਆਂ ਨੇ।
ਡੌਲੇ ਤੂਤ ਦੇ ਮੋਛਿਆਂ ਵਾਂਗ ਮੋਟੇ, ਵੱਟ ਦੇ ਕੇ ਮੁੱਛਾਂ ਚਾੜ੍ਹੀਆਂ ਨੇ।
ਹਿੱਕਾਂ ਚੌੜੀਆਂ ਲਾਲੀਆਂ ਚੋਂਦੀਆਂ ਨੇ, ਅੱਖਾਂ ਵਿਚੋਂ ਝੜਨ ਅੰਗਾਰੀਆਂ ਨੇ।
ਹਰਚੰਦ ਸਿੰਘਾ ਲੜਾਈ ਦਾ ਚਾਅ ਚੜ੍ਹਿਆ, ਸਿੰਘ ਕਰਨੇ ਫਾੜੀਆਂ ਫਾੜੀਆਂ ਨੇ॥

1326 ਪੈਰੀਂ ਬੂਟ ਤੇ ਤੇੜੀਂ ਪਾ ਤੰਬੇ, ਸਿਰੀਂ ਲੋਹੇ ਦੇ ਟੋਪ ਸਜਾ ਨਿਕਲੇ।
ਭਰੇ ਮਾਨ ਗਰੂਰ ਤੇ ਹੌਸਲੇ ਦੇ, ਐਲੀ ਐਲੀ ਦੇ ਨਾਅਰੇ ਲਾ ਨਿਕਲੇ।
ਕੋਹ ਲੰਬੀ ਕਤਾਰ ਹੈ ਹਾਥੀਆਂ ਦੀ, ਹਾਕਮ ਸਾਰੇ ਛਤਰ ਚੜ੍ਹਾ ਨਿਕਲੇ।
ਹਰਚੰਦ ਸਿੰਘਾ ਮੁੜਾਂਗੇ ਮਾਰ ਮਾਰਾਂ, ਚਹੁਣ ਵਾਲਿਆਂ ਤਾਈਂ ਸੁਣਾ ਨਿਕਲੇ॥

1327 ਊਠਾਂ-ਬਲਦਾਂ ਪਿੱਛੇ ਪਾ ਤੋਪਾਂ, ਜਮੂਰਕੇ ਰਹਿਕਲੇ ਹੋਰ ਹਥਿਆਰ ਸਾਰੇ।
ਗੱਡੇ ਭਰੇ ਨੇ ਤੀਰਾਂ ਤੇ ਗੋਲਿਆਂ ਦੇ, ਨਾਲ ਲਏ ਬਰੂਦ ਭੰਡਾਰ ਸਾਰੇ।
ਝੰਡੇ ਦੀਨ ਦੇ ਹੇਠ ਆ ਜੱਗ ਜੁੜਿਆ, ਪੈਦਲ ਅਤੇ ਘੋੜ ਅਸਵਾਰ ਸਾਰੇ।
ਹਰਚੰਦ ਸਿੰਘਾ ਫ਼ੌਜ ਦਾ ਹੜ੍ਹ ਆਇਆ, ਨਾਲ ਉਨ੍ਹਾਂ ਦੇ ਤੁਰੇ ਸਰਦਾਰ ਸਾਰੇ॥

1328 ਚੱਪੜ-ਚਿੜੀ ਸਰਹਿੰਦ ਤੋਂ ਦੂਰ ਆ ਕੇ, ਵਜ਼ੀਰ ਖਾਂ ਨੇ ਫੌਜਾਂ ਉਤਾਰੀਆਂ ਨੇ।
ਥਾਂ ਢੁੱਕਵੀਂ ਵੇਖ ਕੇ ਜੰਗ ਲਈ, ਉਸ ਕੀਤੀਆ ਸਭ ਤਿਆਰੀਆਂ ਨੇ।
ਮੂਹਰੇ ਤੋਪਾਂ ਜਮੂਰਕੇ ਬੀੜ ਦਿੱਤੇ, ਕੁੱਝ ਹੌਲੀਆਂ ਤੇ ਕੁੱਝ ਭਾਰੀਆਂ ਨੇ।
ਹਰਚੰਦ ਸਿੰਘਾ ਗੋਲੇ ਬਰੂਦ ਦੀਆਂ, ਧਾਕਾਂ ਲਾਈਆਂ ਬੇ-ਸ਼ੁਮਾਰੀਆਂ ਨੇ॥

1329 ਤੋਪਾਂ ਪਿੱਛੇ ਪਾਲ ਹੈ ਹਾਥੀਆਂ ਦੀ, ਜੋ ਖੜ੍ਹੇ ਨੇ ਕੰਧ ਬਣਾ ਕੇ ਜੀ।
ਲੋੜ ਪੈਣ ਤੇ ਰੋਕਣੇ ਵਾਰ ਇਨ੍ਹਾਂ, ਮਸਤ ਕਰਨੇ ਨਸ਼ਾ ਪਿਲਾ ਕੇ ਜੀ।
ਥੰਮਾਂ ਵਰਗੇ ਪੁੱਤ ਪਠਾਣੀਆਂ ਦੇ, ਘੋੜੇ ਵੇਖਦੇ ਉਹ ਭਜਾ ਕੇ ਜੀ।
ਹਰਚੰਦ ਸਿੰਘਾ ਵੀਹ ਹਜ਼ਾਰ ਫ਼ੌਜੀ, ਆਇਆ ਮੁਲਖਈ ਹੁੰਮ ਹੁੰਮਾ ਕੇ ਜੀ॥

1330 ਇੱਕ ਪਾਸੇ ਫੌਜ ਮਲੇਰੀਆਂ ਦੀ, ਖ਼ਵਾਜਾ ਅਲੀ ਤੇ ਸ਼ੇਰ ਖ਼ਾਨ ਆਇਆ।
ਦੂਜੇ ਪਾਸੇ ਦਲ ਸੀ ਗ਼ਾਜ਼ੀਆਂ ਦਾ, ਹੂਰਾਂ ਜੰਨਤ ਵਿੱਚੋਂ ਜੋ ਪਾਉਣ ਆਇਆ।
ਵਿਚਕਾਰ ਬੁੱਢਾ ਵਜ਼ੀਰ ਖਾਂ ਚੜ੍ਹ ਹਾਥੀ, ਕਰਨ ਦਲਾਂ ਦੀ ਉਹ ਕਮਾਨ ਆਇਆ।
ਬਾਈ ਮਈ ਸਤਾਰਾਂ ਸੌ ਦਸ ਈਸਵੀ ਨੂੰ, ਸਮਾਂ ਆਪਣਾ ਰੰਗ ਵਖਾਣ ਆਇਆ॥

1331 ਚੱਪੜ-ਚਿੜੀ ਪਿੰਡਾਂ ਦੇ ਸੰਨ੍ਹ ਬੈਠੇ, ਕਈ ਕੋਹ ਸਰਹਿੰਦ ਤੋਂ ਹੱਟ ਕੇ ਜੀ।
ਤੋਪਾਂ ਰਫਲਾਂ ਰਹਿਕਲੇ ਬੀੜ ਦਿੱਤੇ, ਲੁਕ ਬੈਠੇ ਮੋਰਚੇ ਪੱਟ ਕੇ ਜੀ।
ਸਿੰਘ ਆਉਂਦਿਆਂ ਕੋਲ ਨੇ ਭੁੰਨ ਦੇਣੇ, ਬੈਠੇ ਤੁਰਕ ਮਾਨ ਵਿਚ ਡਟ ਕੇ ਜੀ।
ਹਰਚੰਦ ਸਿੰਘਾ ਕਰਨਾ ਮਾਨ ਮਾੜਾ, ਮੱਛੀ ਮੁੜਦੀ ਪੱਥਰ ਚੱਟ ਕੇ ਜੀ॥

ਦੋਵੇਂ ਦਲਾਂ ਨੇ ਆਹਮੋ-ਸਾਹਮਣੇ ਹੋਣਾ

1332 ਚੱਪੜ ਚਿੜੀ ਤੁਰਕ ਸੀ ਆਣ ਡਟੇ, ਉਧਰ ਸਿੰਘ ਵੀ ਹੋ ਤਿਆਰ ਆਏ।
ਸਿੰਘਾਂ ਨਾਲ ਸੀ ਭੀੜ ਲੁਟੇਰਿਆਂ ਦੀ, ਜੋ ਕਰਨ ਸੀ ਲੁੱਟ-ਮਾਰ ਆਏ।
ਫ਼ਤਹਿ ਸਿੰਘ, ਬਾਜ ਸਿੰਘ ਰਾਮ ਸਿੰਘ ਜੀ, ਲੜਨ ਮਰਨ ਦੇ ਕਰ ਇਕਰਾਰ ਆਏ।
ਵਿਨੋਦ ਸਿੰਘ, ਆਲੀ ਤੇ ਸਿੰਘ ਮਾਲੀ, ਹਰਚੰਦ ਸਿੰਘਾ ਸਾਂਭ ਹਥਿਆਰ ਆਏ॥

1333 ਆਉਂਦੇ ਆਉਂਦੇ ਸਿੰਘ ਜਦ ਕੋਲ ਆਏ, ਮਾਰੂ ਵੱਜਿਆ ਕਹਿਰ ਦਾ ਵਾਰ ਹੋਇਆ।
ਤੋਪਾਂ ਚੱਲੀਆਂ ਸੜਨ ਬਰੂਦ ਲੱਗਾ, ਧੂੜਾਂ ਉਠੀਆਂ ਧੂੰਆਂ ਧਾਰ ਹੋਇਆ।
ਗੜਾ ਗੜ ਗੜੰਮ ਗੜੰਮ ਹੋਈ, ਚਾਰੇ ਪਾਸੇ ਧੁੰਦੂਕਾਰ ਹੋਇਆ।
ਦੜਾ ਦਾੜ ਅਸਵਾਰ ਸੀ ਡਿੱਗਣ ਲੱਗੇ, ਹਰਚੰਦ ਸਿੰਘਾ ਨਾ ਹੱਲਾ ਸਹਾਰ ਹੋਇਆ॥

1334 ਪੱਤੇ ਉਡਦੇ ਵਿਚ ਹਨੇਰੀਆਂ ਦੇ, ਇੰਝ ਉਥੇ ਉਡਣ ਸਰੀਰ ਲੱਗੇ।
ਦੇਸ਼-ਕੌਮ ਲਈ ਮਾਵਾਂ ਦੇ ਪੁੱਤ ਉਥੇ, ਹੋਣ ਕੁਰਬਾਨ ਸੀ ਭੈਣਾਂ ਦੇ ਵੀਰ ਲੱਗੇ।
ਕਿਸੇ ਗੋਲੀ ਕਿਸੇ ਦੇ ਆਣ ਗੋਲਾ, ਕਿਸੇ ਨੇਜਾ ਤੇਗ ਤੇ ਤੀਰ ਲੱਗੇ।
ਹਰਚੰਦ ਸਿੰਘਾ ਮੌਤ ਨੂੰ ਕੌਣ ਮੋੜੇ, ਅੱਗੋਂ ਸਿੰਘ ਵੀ ਵਹੁਣ ਸਮਸ਼ੀਰ ਲੱਗੇ॥

1335 ਜੰਗ ਜ਼ੁਲਮ ਤੇ ਸਿਦਕ ਦਾ ਹੋਣ ਲੱਗਾ, ਦੋਵੇਂ ਪਾਸੇ ਹੀ ਫ਼ੌਜਾਂ ਭਾਰੀਆਂ ਨੇ।
ਫ਼ਤਹਿ ਸਿੰਘ ਤੇ ਬਾਜ ਸਿੰਘ ਹੋਏ ਸਿੱਧੇ, ਸਿੰਘਾਂ ਧੂਹੀਆਂ ਕੱਢ ਕਟਾਰੀਆਂ ਨੇ।
ਜੋਸ਼ ਖਾ ਕੇ ਪਏ ਜਾ ਵੈਰੀਆਂ ਨੂੰ, ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੇ।
ਹਰਚੰਦ ਸਿੰਘਾ ਲੋਥਾਂ ਦੇ ਢੇਰ ਲੱਗੇ, ਭੌਰ ਉੱਡ ਗਏ ਮਾਰ ਉਡਾਰੀਆਂ ਨੇ॥

1336 ਇੱਕ ਪਾਸੇ ਤਨਖਾਹਦਾਰ ਫੌਜੀ, ਲੋਹ ਵਰਦੀਆਂ ਜਿਨ੍ਹਾਂ ਨੇ ਪਾਈਆਂ ਨੇ।
ਨੇਜ਼ਾ, ਤੀਰ, ਤਲਵਾਰ ਨਾ ਕੱਟ ਸਕੇ, ਲੋਹ ਟੋਪੀਆਂ ਸਿਰੀਂ ਸਜਾਈਆਂ ਨੇ।
ਘੋੜੇ ਕਾਬਲੀ ਹਾਥੀਆਂ ਜੇਡ ਉਚੇ, ਛਾਲ ਮਾਰ ਕੇ ਟੱਪਦੇ ਖਾਈਆਂ ਨੇ।
ਹਰਚੰਦ ਸਿੰਘਾ ਮੋਰਚੇ ਮੱਲ ਬੈਠੇ, ਗੰਨਾਂ ਗੋਲੀਆਂ ਹੱਥੀਂ ਫੜਾਈਆਂ ਨੇ॥

1337 ਦੂਜੇ ਪਾਸੇ ਕਿਰਤਾਂ ਕਰਨ ਵਾਲੇ, ਦੁੱਖਾਂ-ਭੁੱਖਾਂ ਸਤਾਏ ਇਨਸਾਨ ਆਏ।
ਕੁੜਤੇ ਕੱਛੇ ਸਿਰਾਂ ਤੇ ਪੱਗ-ਪਰਨੇ, ਲੜਨ ਵਾਸਤੇ ਵਿਚ ਮੈਦਾਨ ਆਏ।
ਬੰਦੂਕਾਂ ਨੇਜੇ ਟਕੂਏ ਹੱਥ ਤੇਗਾਂ, ਕੁੱਝ ਫੜਕੇ ਤੀਰ-ਕਮਾਨ ਆਏ।
ਹਰਚੰਦ ਸਿੰਘਾ ਸਿਦਕੀ ਸਿੰਘ ਸੂਰੇ, ਬਿਨਾਂ ਤਨਖਾਹ ਤੋਂ ਹੋਣ ਕੁਰਬਾਨ ਆਏ॥

(ਬਾਕੀ ਅਗਲ ਅੰਕ ਵਿਚ)

49 YEARS OF EXCELLENCE THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM

Rakesh Puri
604-377-4085

Amarjit Singh
778-908-0523

Arya Bhalla
778-788-2429

Hardam S. Maan
604-308-6663

Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਮੇਰੀ ਭੈਣ ਮੇਰੇ ਨਾਲੋਂ ਹਰ ਪੱਖੋਂ ਬਿਹਤਰ-ਅਕਸ਼ੈ ਕੁਮਾਰ

ਨਵੀਂ ਦਿੱਲੀ-ਬੌਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਦੀ ਫਿਲਮ 'ਰਕਸ਼ਾਬੰਧਨ' ਰਿਲੀਜ਼ ਹੋਣ ਲਈ ਤਿਆਰ ਹੈ। ਇਸ ਤੋਂ ਪਹਿਲਾਂ ਅਕਸ਼ੈ ਨੇ ਆਪਣੀ ਭੈਣ ਅਲਕਾ ਭਾਟੀਆ ਦੀ ਰੱਜ ਕੇ ਤਾਰੀਫ ਕੀਤੀ। ਉਸ ਨੇ ਏਜੰਸੀ 'ਆਈਏਐੱਨਐੱਸ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਸ ਦੀ ਭੈਣ ਉਸ ਨਾਲ ਕਿਤੇ ਬਿਹਤਰ ਹੈ। ਉਹ ਇਸ ਤੱਥ ਨਾਲ ਸਹਿਮਤ ਹੈ ਕਿ ਭੈਣਾਂ ਹਰ ਵੇਲੇ ਭਰਾ ਦਾ ਵੱਧ ਮੋਹ ਕਰਦੀਆਂ ਹਨ। ਅਕਸ਼ੈ ਦੱਸਦਾ ਹੈ ਕਿ ਉਸ ਦੀ ਭੈਣ ਵਿਅਕਤੀਗਤ ਤੌਰ 'ਤੇ ਵੀ ਬਹੁਤ ਚੰਗੀ ਹੈ। ਅਕਸ਼ੈ ਆਪਣੀ ਨਿੱਜੀ ਜ਼ਿੰਦਗੀ ਬਾਰੇ ਬਹੁਤ ਘੱਟ ਗੱਲਾਂ ਸਾਂਝੀਆਂ ਕਰਦਾ ਹੈ ਪਰ ਉਸ ਨੇ ਦੱਸਿਆ ਕਿ ਭੈਣ-ਭਰਾ ਦਾ ਰਿਸ਼ਤਾ ਉਸ ਲਈ ਬਹੁਤ ਮਾਅਨੇ ਰੱਖਦਾ ਹੈ ਕਿਉਂਕਿ ਤੁਹਾਡੀ ਭੈਣ ਤੁਹਾਡੀ ਸਭ ਤੋਂ ਚੰਗੀ ਦੋਸਤ ਵੀ ਹੁੰਦੀ ਹੈ। ਤੁਸੀਂ ਉਸ ਦੇ ਮੋਢਿਆਂ 'ਤੇ ਆਪਣਾ ਸਿਰ ਰੱਖ ਕੇ ਸਭ ਕੁਝ ਸਾਂਝਾ ਕਰ ਸਕਦੇ ਹੋ। ਉਸ ਨੇ ਇਹ ਕਦੀ ਨਹੀਂ ਸੁਣਿਆ ਕਿ ਭੈਣ ਨੇ ਆਪਣੇ ਭਰਾ ਦਾ ਸਾਥ ਨਹੀਂ ਦਿੱਤਾ। ਆਨੰਦ ਐੱਲ. ਰਾਏ ਦੇ ਨਿਰਦੇਸ਼ਨ ਹੇਠ ਤਿਆਰ ਫ਼ਿਲਮ 'ਰਕਸ਼ਾਬੰਧਨ' 11 ਅਗਸਤ ਨੂੰ ਰਿਲੀਜ਼ ਹੋਵੇਗੀ। ਇਸ ਕਾਮੇਡੀ ਤੇ ਡਰਾਮੇ ਭਰਪੂਰ ਫ਼ਿਲਮ ਵਿੱਚ ਭੂਮੀ ਪੇਡਨੇਕਰ, ਸਾਦੀਆ ਖਤੀਬ, ਸਹਿਜਮੀਨ ਕੌਰ, ਸਮ੍ਰਿਤੀ ਸ੍ਰੀਕਾਂਤ ਤੇ ਦੀਪਿਕਾ ਖੰਨਾ ਸਹਿ ਕਲਾਕਾਰ ਹਨ।

ਆਮਿਰ ਖਾਨ 13 ਸਾਲ ਬਾਅਦ ਆਈ ਆਈ ਐੱਮ ਬੰਗਲੂਰੂ ਦਾ ਕਰੇਗਾ ਦੌਰਾ

ਮੁੰਬਈ-ਬੌਲੀਵੁੱਡ ਅਦਾਕਾਰ ਆਮਿਰ ਖਾਨ 13 ਸਾਲ ਬਾਅਦ ਆਈਆਈਐੱਮ ਬੰਗਲੂਰੂ ਦਾ ਦੌਰਾ ਕਰੇਗਾ। ਇਸ ਤੋਂ ਪਹਿਲਾਂ ਉਹ ਆਪਣੀ ਮਸ਼ਹੂਰ ਫ਼ਿਲਮ '3 ਇਡੀਅਟ' ਦੀ ਸ਼ੂਟਿੰਗ ਲਈ ਆਈਆਈਐੱਮ ਬੰਗਲੂਰੂ ਵਿੱਚ ਆਇਆ ਸੀ। ਬੌਲੀਵੁੱਡ ਅਦਾਕਾਰ ਨੂੰ ਆਈਆਈਐੱਮ ਦੇ ਸਾਲਾਨਾ ਕੌਮਾਂਤਰੀ ਸੈਮੀਨਾਰ ਵਿਸਟਾ ਦੌਰਾਨ ਵਿਸ਼ੇਸ਼ ਗੱਲਬਾਤ ਕਰਨ ਲਈ ਸੱਦਾ ਦਿੱਤਾ ਗਿਆ ਹੈ। ਇਸ ਦੌਰਾਨ ਉਹ ਵਿਦਿਆਰਥੀਆਂ ਦੇ ਰੂ-ਬ-ਰੂ ਹੋਵੇਗਾ ਅਤੇ ਫ਼ਿਲਮ ਅਤੇ ਜ਼ਿੰਦਗੀ ਦੇ ਅਹਿਮ ਪੱਖਾਂ 'ਤੇ ਚਾਨਣਾ ਪਾਵੇਗਾ। ਆਮਿਰ ਖਾਨ ਦੇ ਨਾਲ-ਨਾਲ ਸਿਨੇ ਜਗਤ ਦੀਆਂ ਕਈ ਪ੍ਰਸਿੱਧ ਹਸਤੀਆਂ ਆਈਆਈਐੱਮ ਦੇ ਸਾਲਾਨਾ ਕੌਮਾਂਤਰੀ ਸੈਮੀਨਾਰ ਵਿਸਟਾ 'ਚ ਸ਼ਿਰਕਤ ਕਰਨਗੀਆਂ। ਇਨ੍ਹਾਂ ਵਿੱਚ ਫ਼ਿਲਮ ਨਿਰਮਾਤਾ ਅਦਵੈਤ ਚੰਦਨ, ਅਦਾਕਾਰਾ ਮੌਨਾ ਸਿੰਘ, ਅਦਾਕਾਰ ਨਾਗਾ ਚੇਤੰਨਿਆ, ਲੈਂਜ਼ਕਾਰਟ ਦੇ ਸੀਈਓ ਪਿਊਸ਼ ਬਾਂਸਲ, ਵੇਦਾਂਤਾ ਦੇ ਚੇਅਰਮੈਨ ਅਨਿਲ ਅਗਰਵਾਲ ਅਤੇ ਗਲੋਬਲ ਦੇ ਸੀਈਓ ਪੁਨੀਤ ਆਰ. ਸ਼ਾਮਲ ਹਨ। ਜਾਣਕਾਰੀ ਅਨੁਸਾਰ ਆਮਿਰ ਖਾਨ ਅੱਜ-ਕੱਲ੍ਹ ਆਪਣੀ 11 ਅਗਸਤ ਨੂੰ ਰਿਲੀਜ਼ ਹੋਣ ਵਾਲੀ ਫ਼ਿਲਮ 'ਲਾਲ ਸਿੰਘ ਚੱਢਾ' ਦੇ ਪ੍ਰਚਾਰ ਵਿੱਚ ਰੁੱਝਿਆ ਹੋਇਆ ਹੈ।

ਗਰੀਬ ਦਾ ਢਿੱਡ

ਲੇਖਕ : ਮਨਦੀਪ ਖਾਨਪੁਰੀ
ਖਾਨਪੁਰ ਸਹੋਤਾ ਹੁਸ਼ਿਆਰਪੁਰ
9779179060

ਮੈਂ ਗਰੀਬ ਦਾ ਢਿੱਡ ਬੋਲ ਰਿਹਾ
ਦੁੱਖ ਅੰਦਰਲੇ ਫਰੋਲ ਰਿਹਾ
ਸਾਡਾ ਵੀ ਦਿਲ ਕਰਦਾ ਹੈ
ਪੀਜ਼ੇ ਬਰਗਰ ਖਾਣ ਨੂੰ
ਸ਼ੌਪਿੰਗ ਸੈਂਟਰ ਸਿਨਮਾ ਹਾਲ ਜਾਣ ਨੂੰ
ਕੋਈ ਸੋਹਣਾ ਜਿਹਾ ਬਰੈਂਡ ਹੰਡਾਉਣ ਨੂੰ
ਰੈਸਟੋਰੈਂਟ ਚ ਬਰਥ ਡੇ ਮਨਾਉਣ ਨੂੰ
ਗੇੜੇ ਮਹਿੰਗੀ ਗੱਡੀ ਵਿੱਚ ਲਾਉਣ ਨੂੰ
ਕਰੈਡਿਟ ਕਾਰਡ ਤੋਂ ਪੇਮੈਂਟ ਕਟਵਾਉਣ ਨੂੰ
ਵੱਡੀ ਸਾਰੀ ਕੋਠੀ ਪਾਉਣ ਨੂੰ
ਨੌਕਰਾਂ ਚਾਕਰਾਂ ਤੇ ਹੁਕਮ ਚਲਾਉਣ ਨੂੰ
ਸਾਡੀ ਕੁੱਲੀ ਸੜਕ ਕਿਨਾਰੇ ਤੇ
ਜੱਗ ਹੱਸਦਾ ਕਰਮਾਂ ਮਾਰੇ ਤੇ
ਸਾਡੇ ਫ਼ਟੇ ਪੁਰਾਣੇ ਲੀੜੇ ਨੇ
ਅਸੀਂ ਮਾਵਾਂ ਲਈ ਤਾਂ ਹੀਰੇ ਨੇ
ਸਾਡੇ ਜੁੱਤੀਆਂ ਵਿਚ ਸੁਰਾਖ਼ ਬੜੇ
ਇਸ ਜਨਮ ਗਰੀਬੀ ਪਾਈ ਹੈ
ਪਿੱਛੇ ਅਸੀਂ ਕੀਤੇ ਹੋਣੇ ਪਾਪ ਬੜੇ
ਸਾਡੀਆਂ ਮਾਵਾਂ ਭੈਣਾਂ ਦੇ ਸੂਟ ਉੱਧੜੇ
ਉਹ ਅੰਗ ਲੁਕਾਉਂਦੀ ਫਿਰਦੀਆਂ ਨੇ
ਅਸੀਂ ਬਦਾਮਾ ਵਾਂਗੂੰ ਚੱਬ ਜਾਈਏ
ਭਾਵੇਂ ਰੋਟੀਆਂ ਬਣੀਆਂ ਚਿਰਦੀਆਂ ਨੇ
ਸਾਨੂੰ ਧੁੱਪਾਂ ਠੰਡਾ ਲੱਗਦੀਆਂ ਨੀ
ਸਾਨੂੰ ਡਰ ਨਾ ਕੋਈ ਬਰਸਾਤਾਂ ਦਾ
ਨੰਗੇ ਪੈਰੀਂ ਭੱਜੇ ਫਿਰਦੇ ਨੇ
ਰੱਬ ਰਾਖਾ ਸਾਡੇ ਜਵਾਕਾਂ ਦਾ
ਸਾਨੂੰ ਕੱਖ ਕੰਡਿਆਂ ਵਿਚ ਵੀ ਨੀਂਦਰ ਆਜੇ
ਲੋੜ ਨਾ ਬੈਂਡ ਤੇ ਸੋਫਿਆਂ ਦੀ
ਵੀਡੀਓ ਬਣਾ ਜੋ ਬਿਸਕੁੱਟ ਵੰਡਦੇ ਨੇ
ਨਾ ਲੋੜ ਇਹੋ ਜਹੇ ਤੋਹਫਿਆਂ ਦੀ
ਸਾਨੂੰ ਮਿਨਰਲ ਵਾਟਰ ਮਿਲ਼ਦਾ ਨੀ
ਚੰਗੀਆਂ ਭੁੱਖਾਂ ਤੇ ਤ੍ਰੇਹਾਂ ਲੱਗਦੀਆਂ ਨੇ
ਸਾਡੇ ਅੱਗੇ ਤਾਂ ਬਿਮਾਰੀਆਂ ਵੀ
ਜਿਉਂ ਸ਼ੇਰ ਅੱਗੇ ਹਿਰਨੀਆਂ ਭੱਜਦੀਆਂ ਨੇ

ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

MATRIMONIALS

ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 604-901-9044

may 07

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap 23

ਲੜਕੀ ਦੀ ਲੋੜ

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

ਲੜਕੀ ਦੀ ਲੋੜ

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

MATRIMONIALS

ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ ੨੯ ਸਾਲ, ਕੱਦ ੫ ਫੁੱਟ ੬ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜ਼ਨਸ ਵਿੱਚ ਮੈਨੇਜਰ, ਇੰਡੀਆ 'ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟੱਡੀ ਵੀਜ਼ਾ, ਵਰਕ ਵੀਜ਼ਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾਂ ਵਿਚੋਂ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸੰਪਰਕ ਕਰੋ- ਫੋਨ ਨੰਬਰ 77837 89444

EMPLOYMENTS

ਵਰਕਰਾਂ ਦੀ ਲੋੜ

ਸਰੀ ਵਿਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿੱਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ ਕਰੋ: 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-339-2389

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

EMPLOYMENTS

ਵਰਕਰਾਂ ਦੀ ਲੋੜ

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

EMPLOYMENTS

ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ਼ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ। ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਆਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਉ। ਹੋਰ ਜਾਣਕਾਰੀ ਲਈ ਸੰਪਰਕ ਕਰ:604-298-5000

ap 23

ਲੋਕ ਚੇਤਿਆਂ ਵਿੱਚ ਵੱਸਦੀਆਂ ਤੀਆਂ

ਤੀਆਂ ਮਾਝੇ, ਮਾਲਵੇ ਤੇ ਦੋਆਬੇ ਵਿੱਚ ਮਨਾਇਆ ਜਾਣ ਵਾਲਾ ਹਰਮਨ-ਪਿਆਰਾ ਤਿਉਹਾਰ ਹੈ। ਪਿੰਡਾਂ ਵਿੱਚ ਕਿਸੇ ਨਿਵੇਕਲੀ ਅਤੇ ਖੁੱਲ੍ਹੀ ਥਾਂ 'ਤੇ ਪਿੱਪਲਾਂ, ਬੋਹੜਾਂ ਦੀਆਂ ਸੰਘਣੀਆਂ

ਛਾਵਾਂ ਹੇਠ ਜਾਂ ਕਿਸੇ ਨਹਿਰ, ਢਾਬ, ਸੂਏ ਦੇ ਕੰਢੇ 'ਤੇ ਛਾਂ-ਦਾਰ ਰੁੱਖਾਂ ਹੇਠ ਇਕੱਠੀਆਂ ਹੋ ਕੇ ਜੁੜੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿੱਚ ਨੱਚ ਨੱਚ ਕੇ ਦੂਹਰੀਆਂ ਹੋ ਜਾਂਦੀਆਂ ਹਨ:

ਰਲ ਆਓ ਸਈਓ ਨੀਂ
ਸੱਭੇ ਤੀਆਂ ਖੇਡਣ ਜਾਈਏ
ਹੁਣ ਆ ਗਿਆ ਸਾਵਣ ਨੀਂ
ਪੀਂਘਾਂ ਪਿੱਪਲੀਂ ਜਾ ਕੇ ਪਾਈਏ
ਲੈ ਪੈਲਾਂ ਪਾਂਦੇ ਨੀਂ, ਬਾਗੀਂ ਮੋਰਾਂ ਸ਼ੋਰ ਮਚਾਇਆ
ਖਿੜ ਖਿੜ ਕੁੱਲਾਂ ਨੇ ਸਾਨੂੰ, ਮਾਹੀਆ ਯਾਦ ਕਰਾਇਆ।
ਮੈਂ ਅੱਥਰੂ ਡੋਲ੍ਹਾਂ ਨੀਂ, ਕੋਈ ਸਾਰ ਨਾ ਲੈਂਦਾ ਮੇਰੀ।
ਮੈਂ ਰੋ-ਰੋ ਮਰ ਗਈ ਨੀਂ,
ਜਿੰਦੜੀ ਆਣ ਗਮਾਂ ਨੇ ਘੇਰੀ।
ਰਲ ਆਓ ਸਈਓ ਨੀਂ...।

ਤੀਆਂ ਨੂੰ 'ਸਾਂਵੇਂ' ਜਾਂ 'ਸਾਵੇਂ' ਵੀ ਕਹਿ ਲਿਆ ਜਾਂਦਾ ਹੈ। ਸਾਵੇ ਤੋਂ ਭਾਵ ਹਰੇ-ਭਰੇ। ਸਾਂਵੇ ਤੋਂ ਭਾਵ ਨਾਪ-ਤੋਲ ਵਿੱਚ ਬਰਾਬਰ/ਸਮਤੋਲ ਕਰਨ ਤੋਂ ਲਿਆ ਜਾਂਦਾ ਹੈ। ਸਾਵੇ ਜਾਂ ਸਾਂਵੇ ਸ਼ਬਦ ਬੋਲ-ਚਾਲ ਵਿੱਚ ਸਹਿਜ ਤੇ ਸਰਲ ਹੈ। ਇਹ ਸ਼ਬਦ ਤੀਆਂ ਸ਼ਬਦ ਨਾਲੋਂ ਸੁਖਾਲਾ ਬੋਲਿਆ ਜਾ ਸਕਦਾ ਹੈ ਤੇ ਪਿਆਰਾ ਵੀ ਹੈ। ਹੋ ਸਕਦਾ ਹੈ ਕੁਝ ਹਾਲਤਾਂ ਵਿੱਚ ਲੋਕਾਂ ਨੇ ਇਸ ਸ਼ਬਦ ਨੂੰ ਇਸ ਦੇ ਇਨ੍ਹਾਂ ਗੁਣਾਂ ਕਾਰਨ ਹੀ ਅਪਣਾ ਲਿਆ ਹੋਵੇ। ਤੀਆਂ ਸ਼ਬਦ ਦਾ ਨਿਕਾਸ 'ਧੀਆਂ' ਤੋਂ ਹੋਇਆ ਮੰਨਿਆ ਜਾਂਦਾ ਹੈ। ਤੀਆਂ ਵਿੱਚ ਕੁੜੀਆਂ, ਨੂੰਹਾਂ, ਧੀਆਂ ਪਹਿਨ ਪੱਚਰ ਕੇ, ਹਾਰ-ਸ਼ਿਗਾਰ ਕਰ ਕੇ, ਬੜੇ ਚਾਵਾਂ ਨਾਲ ਇੱਕ ਦੂਜੀ ਨੂੰ ਤੀਆਂ ਦੇ ਪਿੜ ਵਿੱਚ ਪਹੁੰਚਣ ਲਈ ਹਾਕਾਂ ਮਾਰਦੀਆਂ ਹਨ। ਦਿਨ ਢਲੇ ਤੀਆਂ ਦੇ ਪਿੜ ਵਿੱਚ ਕੁੜੀਆਂ ਜੁੜਦੀਆਂ ਹਨ ਤੇ ਖੁਸ਼ੀਆਂ ਦਾ ਹੜ੍ਹ ਠਾਠਾਂ ਮਾਰਨ ਲੱਗ ਪੈਂਦਾ ਹੈ। ਮਹਿੰਦੀ ਰੰਗੇ ਹੱਥ ਗਿੱਧਾ ਪਾ-ਪਾ ਕੇ, ਨੱਚ-ਨੱਚ ਕੇ ਥੱਕਦੇ ਨਹੀਂ। ਨੱਚਣ ਵਾਲੀਆਂ ਦੀ ਜ਼ਮੀਨ 'ਤੇ ਅੱਡੀ ਨਹੀਂ ਟਿਕਦੀ ਤੇ ਗਾਉਣ ਵਾਲੀਆਂ ਕੋਲ ਗੀਤਾਂ ਦੇ ਭਰਪੂਰ ਤੇ ਅਮੁੱਕ ਭੰਡਾਰ ਹੁੰਦੇ ਹਨ। ਬੋਲੀਆਂ, ਲੋਕ ਗੀਤ, ਮਾਹੀਏ, ਟੱਪੇ, ਢੋਲੇ ਆਦਿ ਗਾਉਂਦੀਆਂ ਕੁੜੀਆਂ ਦੇ ਬੁੱਲ੍ਹ ਨਹੀਂ ਸੁੱਕਦੇ। ਇਨ੍ਹੀਂ ਦਿਨੀਂ ਸਹੁਰੇ ਗਈਆਂ, ਖਾਸ ਕਰ ਕੇ ਨਵ-ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ ਹੈ, ਜਿੱਥੇ ਉਹ ਆਪਣੀਆਂ ਵਿੱਛੜੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਸਭ ਵਿੱਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿਗਾਰ ਬਣਦੀਆਂ ਹਨ। ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦੀਆਂ ਹਨ:

ਸਾਉਣ ਦਾ ਮਹੀਨਾ,
ਤੀਜ ਦੀਆਂ ਤੀਆਂ ਜੀ
ਸਹੁਰਿਆਂ ਤੋਂ ਪੇਕਿਆਂ ਨੂੰ,
ਆਈਆਂ ਧੀਆਂ ਜੀ
ਵਿਆਹੀਆਂ ਵਿਆਹੀਆਂ ਇੱਕ ਪਾਸੇ,
ਹੋ ਕੇ ਬਹਿ ਗਈਆਂ
ਕੁਆਰੀਆਂ ਕੁਆਰੀਆਂ ਨੱਚਣ,
ਡਹਿ ਗਈਆਂ
ਮੁੱਦਤਾਂ ਦੇ ਬਾਅਦ ਉਹ ਅੱਜ ਜੁੜੀਆਂ,
ਦੁੱਖ ਆਪੋ-ਆਪਣੇ ਸੁਣਾਉਣ ਕੁੜੀਆਂ।

ਇੱਕ ਲੋਕ ਵਿਸ਼ਵਾਸ ਅਨੁਸਾਰ ਸੱਜ ਵਿਆਹੀ ਕੁੜੀ ਦਾ ਆਪਣੇ ਵਿਆਹ ਤੋਂ ਪਿੱਛੋਂ ਆਉਣ ਵਾਲੇ ਪਹਿਲੇ ਸਾਉਣ ਦੇ ਮਹੀਨੇ ਵਿੱਚ ਆਪਣੀ ਸੱਸ ਦੇ ਮੱਥੇ ਲੱਗਣਾ ਚੰਗਾ ਨਹੀਂ ਹੁੰਦਾ। ਇਸ ਲਈ ਸੱਜ ਵਿਆਹੀ ਕੁੜੀ ਨੂੰ ਤੀਆਂ ਵਿੱਚ ਸ਼ਾਮਲ ਹੋ ਸਕਣ ਦਾ ਮੌਕਾ ਪ੍ਰਦਾਨ ਕਰਨ ਲਈ, ਸਾਉਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਸਹੁਰੇ ਘਰ ਤੋਂ ਪੇਕੇ ਘਰ ਲਿਆਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਵਿਆਹ ਵਧੇਰੇ ਕਰਕੇ ਜੇਠ-ਹਾੜ੍ਹ ਦੇ ਮਹੀਨਿਆਂ ਵਿੱਚ ਹੁੰਦੇ ਸਨ। ਹਾੜ੍ਹ ਤੋਂ ਅਗਲਾ ਮਹੀਨਾ ਸਾਉਣ ਹੁੰਦਾ ਹੈ। ਸਹੁਰਿਆਂ ਦੇ ਘਰ ਪਰਿਵਾਰ ਬਾਰੇ ਦੱਸਣ ਦੀ ਉਤਸੁਕਤਾ ਨਵ-ਵਿਆਹੀ ਦੇ ਮਨ ਵਿੱਚ ਵੀ ਹੁੰਦੀ ਸੀ। ਨਿਸ਼ਚੇ ਹੀ ਪੇਕੇ ਘਰ ਛੇਤੀ ਜਾਣ ਦੀ ਉਸ ਦੀ ਤਾਂਘ ਪ੍ਰਬਲ ਹੋ ਜਾਂਦੀ ਹੋਵੇਗੀ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੱਜ ਵਿਆਹੀਆਂ ਕੁੜੀਆਂ ਜੇ ਆਪਣੀਆਂ ਸੱਸਾਂ ਦੇ ਸੁਭਾਅ, ਉਨ੍ਹਾਂ ਦੇ ਵਿਵਹਾਰ ਤੇ ਉਨ੍ਹਾਂ ਦੀਆਂ ਵਧੀਕੀਆਂ ਤੋਂ ਤੰਗ ਆ ਜਾਂਦੀਆਂ ਸਨ ਤਾਂ ਉਹ ਆਪਣੇ ਪੇਕਿਆਂ ਤੇ ਸਖੀਆਂ ਨੂੰ ਉਸ ਬਾਰੇ ਦੱਸਣ ਲਈ ਕਾਹਲੀਆਂ ਹੁੰਦੀਆਂ ਰਹੀਆਂ ਹੋਣਗੀਆਂ। ਪੇਕੇ ਆ ਕੇ ਕੁਝ ਕਹਿਣ-ਸੁਣਨ ਲਈ, ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਉਤਾਵਲੀਆਂ ਹੋਈਆਂ ਉਹ ਪੇਕੇ ਘਰ ਆਉਣ ਦੀ ਇੱਛਾ ਰੱਖਦੀਆਂ ਸਨ। ਉਨ੍ਹਾਂ ਸਮਿਆਂ ਵਿੱਚ ਕਿਉਂਕਿ ਆਵਾਜਾਈ ਦੇ ਸਾਧਨ ਵੀ ਬਹੁਤੇ ਉਪਲੱਬਧ ਨਹੀਂ ਸਨ ਹੁੰਦੇ, ਇੰਜ ਉਹ ਪੂਰਾ ਮਹੀਨਾ ਪੇਕੇ ਘਰ ਗੁਜ਼ਾਰਦੀਆਂ ਸਨ। ਤੀਆਂ ਵਿੱਚ ਆਪਣੀਆਂ ਸਹੇਲੀਆਂ ਨੂੰ ਮਿਲ ਕੇ, ਇਕੱਠੀਆਂ ਹੋ ਕੇ ਉਨ੍ਹਾਂ ਕੋਲੋਂ ਆਪਣੇ ਮਨ ਦੀ ਖੁਸ਼ੀ ਸਾਂਝੀ ਨਹੀਂ ਸੀ ਜਾਂਦੀ। ਇੰਜ, ਉਹ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਕਰ ਲੈਂਦੀਆਂ ਸਨ ਤੇ ਇੱਕ ਤਰ੍ਹਾਂ ਨਾਲ ਉਨ੍ਹਾਂ ਦਾ ਮਨ ਤਬਦੀਲੀ ਦੇ ਅਹਿਸਾਸ ਨਾਲ ਵੀ ਭਰ ਜਾਂਦਾ ਸੀ। ਸਾਉਣ ਦਾ ਮਹੀਨਾ ਤੀਆਂ ਨੂੰ ਖ਼ੁਸ਼ਆਮਦੀਦ ਕਹਿੰਦਿਆਂ ਸਭ ਨੂੰ ਤੀਆਂ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਅਜਿਹਾ ਸੰਦੇਸ਼ ਪਾ ਕੇ ਕੋਈ ਨਵ-ਵਿਆਹੀ ਆਪਣੇ ਪਤੀ ਨੂੰ ਕਹਿੰਦੀ ਹੈ:

ਵੇ ਤੀਆਂ ਦਾ ਮਹੀਨਾ ਢੋਲਣਾ
ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ
ਵੇ ਤੀਆਂ ਦਾ ਮਹੀਨਾ ਢੋਲਣਾ...

ਤੀਆਂ ਆਰੰਭ ਹੋਣ ਤੋਂ ਪਹਿਲੇ ਦਿਨ, ਦੂਜ ਵਾਲੇ ਦਿਨ ਨੂੰ 'ਮਹਿੰਦੀ ਵਾਲਾ ਦਿਨ' ਆਖਿਆ ਜਾਂਦਾ ਹੈ। ਇਸ ਦਿਨ ਰਾਤ ਸਮੇਂ ਸਾਉਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ 'ਤੇ ਬੜੀਆਂ ਰੀਝਾਂ ਨਾਲ ਮਹਿੰਦੀ ਲਾਉਂਦੀਆਂ ਹਨ। ਸ਼ਗਨ ਵਜੋਂ ਲਾਈ ਜਾਣ ਵਾਲੀ ਇਸ ਮਹਿੰਦੀ ਦੀ ਫੱਬਤ ਵਿੱਚ ਉਹ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਿਸੇ ਬਾਰੀਕ ਤੀਲੀ ਨਾਲ, ਕੋਣ ਨਾਲ ਜਾਂ ਕਿਸੇ ਹੋਰ ਜੁਗਤ ਰਾਹੀਂ ਉਹ ਲਾਈ ਜਾਣ ਵਾਲੀ ਮਹਿੰਦੀ ਨਾਲ ਵੰਨ-ਸੁਵੰਨੇ ਡਿਜ਼ਾਈਨ ਬਣਾਉਂਦੀਆਂ ਹਨ ਤੇ ਵਿੱਚ ਫੁੱਲ-ਪੱਤੀਆਂ ਦੇ ਆਕਾਰ ਬਣਾਉਂਦੀਆਂ ਹਨ। ਅਗਲੀ ਸਵੇਰ ਹਥੇਲੀਆਂ ਤੇ ਬਾਹਵਾਂ 'ਤੇ ਖਿੜੇ ਮਹਿੰਦੀ ਰੰਗੇ ਫੁੱਲ ਪੱਤਿਆਂ ਨੂੰ ਵੇਖ ਕੇ ਉਹ ਫੁੱਲੀਆਂ ਨਹੀਂ ਸਮਾਉਂਦੀਆਂ। ਮਹਿੰਦੀ ਲਾਉਣ ਵਾਂਗ ਨਵੇਂ ਕੱਪੜੇ ਪਹਿਨਣਾ ਤੇ ਰੰਗ-ਬਿਰੰਗੀਆਂ ਚੂੜੀਆਂ ਚੜ੍ਹਾਉਣੀਆਂ ਵੀ ਤੀਆਂ ਦੇ ਤਿਉਹਾਰ ਦੀ ਮਹੱਤਵਪੂਰਨ ਰਸਮ ਹੈ। ਚੂੜੀਆਂ ਵੇਚਣ ਵਾਲਾ ਜਦੋਂ ਵੰਗਾਂ ਚੜ੍ਹਾਉਣ ਦਾ ਹੋਕਾ ਦਿੰਦਾ ਹੈ ਤਾਂ ਮੁਟਿਆਰਾਂ ਝੱਟ-ਪਟ ਉਸ ਨੂੰ ਬੁਲਾ ਲੈਂਦੀਆਂ ਹਨ।

ਆ ਵਣਜਾਰਿਆ ਬਹਿ ਵਣਜਾਰਿਆ,
ਵੰਗਾਂ ਦੇਈਂ ਚੜ੍ਹਾ
ਲਾਲ ਸੁਹਾਗ ਮੇਰੇ ਦੀਆਂ ਵੰਗਾਂ, ਹਰੀਆਂ ਨਾਲ ਮਿਲਾ
ਗਿੱਧੇ ਵਿੱਚ ਮੈਂ ਨੱਚਦੀ,
ਮੈਨੂੰ ਸੋਹਣੀਆਂ ਵੰਗਾਂ ਦਾ ਚਾਅ।
ਗਿੱਧੇ ਵਿੱਚ ਮੈਂ ਨੱਚਦੀ...।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks

14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract

Residential & Commercial
Gurvinder Sanghera: 604-729-1435
Email: gsanghera77@gmail.com

ਉੱਘੇ ਸਿੱਖ ਵਿਦਵਾਨ ਤੇ ਚਿੰਤਕ ਡਾ. ਬਲਕਾਰ ਸਿੰਘ ਦੇ ਮਾਣ ਵਿਚ ਵਿਦਾਇਗੀ ਪਾਰਟੀ

ਕਈ ਸਿੱਖ ਸੰਸਥਾਵਾਂ ਦੇ ਆਗੂਆਂ ਵੱਲੋਂ ਡਾ. ਬਲਕਾਰ ਸਿੰਘ ਦੀਆਂ ਸੇਵਾਵਾਂ ਦੀ ਸ਼ਲਾਘਾ

ਸਰੀ, ਅਗਸਤ (ਹਰਦਮ ਮਾਨ)- ਵਰਲਡ ਪੰਜਾਬੀ ਸੈਂਟਰ, ਪਟਿਆਲਾ ਦੇ ਡਾਇਰੈਕਟਰ ਡਾ. ਬਲਕਾਰ ਸਿੰਘ, ਜੋ ਪਿਛਲੇ ਦੋ ਕੁ ਮਹੀਨਿਆਂ ਤੋਂ ਕੈਨੇਡਾ ਫੇਰੀ ਤੇ ਆਏ ਹੋਏ ਸਨ, ਦੀ ਭਾਰਤ ਵਾਪਸੀ ਸਮੇਂ ਸਰੀ ਦੀਆਂ ਕਈ ਸਿੱਖ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ। ਸਥਾਨਕ ਲਵਲੀ ਬੈਂਕੁਇਟ ਹਾਲ ਵਿਚ ਉਨ੍ਹਾਂ ਦੇ ਮਾਣ ਵਿਚ ਰੱਖੇ ਇਕ ਸਮਾਗਮ ਡਾ. ਬਲਕਾਰ ਸਿੰਘ ਦੇ ਜੀਵਨ, ਸਾਹਿਤਕ, ਵਿਦਿਅਕ ਅਤੇ ਸਿੱਖੀ ਪ੍ਰਤੀ ਨਿਭਾਈਆਂ ਸੇਵਾਵਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਬਾਨੀ ਜੈਤਗ ਸਿੰਘ ਅਨੰਤ ਨੇ ਕਿਹਾ ਕਿ ਉੱਘੇ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਸਿੱਖ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਇਸ ਮੌਕੇ ਦੱਸਿਆ ਕਿ ਡਾ. ਬਲਕਾਰ ਸਿੰਘ ਨੇ ਆਪਣੀ ਵੱਡਮੁੱਲੀ ਲਾਇਬਰੇਰੀ ਦੀਆਂ ਸਭ ਕਿਤਾਬਾਂ ਸਿੱਖ ਨੈਸ਼ਨਲ ਆਰਕਾਈਵ ਕੈਨੇਡਾ ਨੂੰ ਦੇਣ ਸੰਬੰਧੀ ਅਧਿਕਾਰਤ ਪੱਤਰ ਉਨ੍ਹਾਂ ਨੂੰ ਦਿੱਤਾ ਹੈ। ਇਸ ਮੌਕੇ ਸ. ਅਨੰਤ ਇਹ ਪੱਤਰ ਸਿੱਖ ਨੈਸ਼ਨਲ ਆਰਕਾਈਵ ਕੈਨੇਡਾ ਦੇ ਆਗੂ ਗਿਆਨ ਸਿੰਘ ਸੰਧੂ ਨੂੰ ਇਹ ਪੱਤਰ ਸੌਂਪਿਆ। ਗਿਆਨ ਸਿੰਘ ਸੰਧੂ ਨੇ ਡਾ. ਬਲਕਾਰ ਸਿੰਘ ਵੱਲੋਂ ਆਪਣੀ ਸਮੁੱਚੀ ਲਾਇਬਰੇਰੀ, ਸਿੱਖ ਨੈਸ਼ਨਲ ਆਰਕਾਈਵ ਕੈਨੇਡਾ ਨੂੰ ਸੌਂਪਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸ. ਸੰਧੂ ਨੇ ਡਾ. ਬਲਕਾਰ ਸਿੰਘ ਵੱਲੋਂ ਆਪਣੀਆਂ ਲਿਖਤਾਂ ਅਤੇ ਸੇਵਾਵਾਂ ਰਾਹੀਂ ਸਿੱਖ ਸਾਹਿਤ ਵਿਚ ਪਾਏ ਯੋਗਦਾਨ ਲਈ ਉਨ੍ਹਾਂ ਦੀ ਭਰਪੂਰ ਪ੍ਰਸੰਸਾ ਕੀਤੀ। ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ

ਸਿੰਘ ਜੱਬਲ ਨੇ ਡਾ. ਬਲਕਾਰ ਸਿੰਘ ਵੱਲੋਂ ਕੈਨੇਡਾ ਦੇ ਸੰਖੇਪ ਦੌਰੇ ਦੌਰਾਨ ਵੱਖ ਵੱਖ ਸ਼ਹਿਰਾਂ, ਸਥਾਨਾਂ 'ਤੇ ਜਾ ਕੇ ਆਪਣੇ ਬੇਸ਼-ਕੀਮਤੀ ਵਿਚਾਰਾਂ ਦੀ ਸਾਂਝ ਸਿੱਖ ਭਾਈਚਾਰੇ ਪਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਦੇ ਆਗੂ ਬਲਵੀਰ ਸਿੰਘ ਨਿੱਝਰ ਨੇ ਕਿਹਾ ਕਿ ਡਾ. ਬਲਕਾਰ ਸਿੰਘ ਬਹੁਤ ਵੱਡੇ ਸਿੱਖ ਚਿੰਤਕ ਅਤੇ ਵਿਦਵਾਨ ਹਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਉਪਰ ਸਮੁੱਚੇ ਸਿੱਖ ਭਾਈਚਾਰੇ ਨੂੰ ਬੇਹੱਦ ਮਾਣ ਹੈ। ਕੁੰਦਨ ਸਿੰਘ ਸੱਜਣ ਨੇ ਵੀ ਡਾ. ਬਲਕਾਰ ਸਿੰਘ ਦੇ ਸਤਿਕਾਰ ਵਿਚ ਕੁਝ ਸ਼ਬਦ ਕਹੇ। ਡਾ. ਬਲਕਾਰ ਸਿੰਘ ਨੇ ਇਸ ਮੌਕੇ ਆਪਣੇ ਕੈਨੇਡਾ ਦੌਰੇ ਨੂੰ ਬਹੁਤ ਹੀ ਲਾਹੇਵੰਦ ਦੱਸਿਆ ਅਤੇ ਕਿਹਾ ਕਿ ਉਹ ਏਥੋਂ ਦੀਆਂ ਅਨੇਕਾਂ ਨਿੱਘੀਆਂ ਯਾਦਾਂ ਆਪਣੇ ਨਾਲ ਲੈ ਕੇ ਪੰਜਾਬ ਵਾਪਸ ਪਰਤ ਰਹੇ ਹਨ ਅਤੇ ਇਨ੍ਹਾਂ ਯਾਦਾਂ ਦੀ ਖੁਸ਼ਬੂ ਦੇਰ ਤੱਕ ਉਨ੍ਹਾਂ ਨੂੰ ਮਹਿਕਾਉਂਦੀ ਰਹੇਗੀ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਸਿੱਖ ਭਾਈਚਾਰੇ ਨੇ ਵੱਖ ਵੱਖ ਥਾਵਾਂ 'ਤੇ ਉਨ੍ਹਾਂ ਨੂੰ ਬਹੁਤ ਮਾਣ ਅਤੇ ਸਤਿਕਾਰ ਦਿੱਤਾ ਹੈ ਜਿਸ ਲਈ ਉਹ ਹਮੇਸ਼ਾ ਭਾਈਚਾਰੇ ਦੇ ਰਿਣੀ ਰਹਿਣਗੇ। ਇਸ ਮੌਕੇ ਸਿੱਖ ਨੈਸ਼ਨਲ ਆਰਕਾਈਵ ਕੈਨੇਡਾ ਅਤੇ ਸਮੂਹ ਸੰਸਥਾਵਾਂ ਵੱਲੋਂ ਡਾ. ਬਲਕਾਰ ਸਿੰਘ ਦਾ ਸਨਮਾਨ ਕੀਤਾ ਗਿਆ ਅਤੇ ਯਾਦਗਾਰੀ ਪਲੈਕ ਦਿੱਤੀ ਗਈ। ਵਿਦਾਇਗੀ ਪਾਰਟੀ ਵਿਚ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਧਾਲੀਵਾਲ, ਸੁਰਜੀਤ ਸਿੰਘ ਪੰਧੇਰ, ਰੁਪਿੰਦਰਜੀਤ ਸਿੰਘ ਕਾਹਲੋਂ, ਡਾ. ਗੁਰਨਾਮ ਸਿੰਘ ਸੰਘੇੜਾ, ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਪ੍ਰਧਾਨ ਧਰਮ ਸਿੰਘ ਪਨੇਸਰ, ਬਲਬੀਰ ਸਿੰਘ ਚਾਨਾ ਤੇ ਚਰਨਜੀਤ ਸਿੰਘ ਮਰਵਾਹਾ, ਬਲਜੀਤ ਸਿੰਘ, ਮਨਰੀਤ ਕੌਰ, ਜਸਪਾਲ ਕੌਰ ਅਨੰਤ, ਸੁਰਿੰਦਰ ਕੌਰ ਸੰਧੂ, ਡਾ. ਕਮਲਜੀਤ ਕੌਰ ਸਿੱਧੂ, ਜਰਨੈਲ ਸਿੰਘ ਸਿੱਧੂ, ਲਖਵੀਰ ਸਿੰਘ ਖੰਗੂੜਾ ਅਤੇ ਹਰਦਮ ਸਿੰਘ ਮਾਨ ਹਾਜਰ ਸਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com

Filmy ਸਮਾਚਾਰ

ਮੈਨੂੰ ਝੂਠੀਆਂ ਖ਼ਬਰਾਂ ਤੋਂ ਖਿੱਝ ਆਉਂਦੀ ਹੈ-ਆਲੀਆ

ਮੁੰਬਈ-ਬਾਲੀਵੁੱਡ ਅਦਾਕਾਰਾ ਆਲੀਆ ਭੱਟ ਇਸ ਵੇਲੇ ਰੁਝੇਵਿਆਂ ਭਰੀ ਜ਼ਿੰਦਗੀ ਜਿਊਂ ਰਹੀ ਹੈ। ਰਣਬੀਰ ਕਪੂਰ ਨਾਲ ਵਿਆਹ ਤੋਂ ਬਾਅਦ ਉਨ੍ਹਾਂ ਦੇ ਘਰ ਨੰਨ੍ਹਾ ਮਹਿਮਾਨ ਆਉਣ ਵਾਲਾ ਹੈ। ਜੇਕਰ ਉਸ ਦੀ ਪੇਸ਼ੇਵਰ ਜ਼ਿੰਦਗੀ ਦੀ ਗੱਲ ਕਰੀਏ ਤਾਂ ਉਸ ਦੇ ਦੋ ਵੱਡੇ ਪ੍ਰਾਜੈਕਟ ਰਿਲੀਜ਼ ਹੋਣ ਲਈ ਤਿਆਰ ਹਨ। ਉਸ ਦੀ ਓਟੀਟੀ ਪਲੈਟਫਾਰਮ 'ਤੇ ਫਿਲਮ 'ਡਾਰਲਿੰਗਜ਼' ਅਤੇ 'ਬ੍ਰਹਮਾਸਤਰ: ਪਾਰਟ ਵਨ ਸ਼ਿਵਾ' ਰਿਲੀਜ਼ ਹੋਣ ਜਾ ਰਹੀ ਹੈ। ਇਹ ਦੋਵੇਂ ਪ੍ਰੋਜੈਕਟ ਆਲੀਆ ਲਈ ਬਹੁਤ ਖਾਸ ਹਨ। ਫਿਲਮ 'ਡਾਰਲਿੰਗਜ਼' ਨੈੱਟਫਲਿਕਸ 'ਤੇ ਆਵੇਗੀ ਜਿਸ ਵਿੱਚ ਉਹ ਸ਼ੇਫਾਲੀ ਸ਼ਾਹ ਅਤੇ ਵਿਜੈ ਵਰਮਾ ਵਰਗੇ ਪਾਵਰਹਾਊਸ ਕਲਾਕਾਰਾਂ ਨਾਲ ਸਹਿ-ਅਦਾਕਾਰ ਵਜੋਂ ਕੰਮ ਕਰ ਰਹੀ ਹੈ। ਇਹ ਐਟਰਨਲ ਸਨਸ਼ਾਈਨ ਪ੍ਰੋਡਕਸ਼ਨ ਦੇ ਬੈਨਰ ਹੇਠ ਉਸ ਦੀ ਨਿਰਮਾਤਾ ਵਜੋਂ ਪਹਿਲੀ ਫਿਲਮ ਹੈ। 'ਬ੍ਰਹਮਾਸਤਰ: ਪਾਰਟ ਵਨ-ਸ਼ਿਵਾ' 9 ਸਤੰਬਰ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਵੇਗੀ ਜੋ ਪਤੀ ਰਣਬੀਰ ਕਪੂਰ ਨਾਲ ਉਸ ਦੀ ਪਹਿਲੀ ਫਿਲਮ ਹੈ। ਆਲੀਆ ਨੇ ਦੱਸਿਆ ਕਿ ਜਿਸ ਤਰ੍ਹਾਂ ਮੀਡੀਆ ਉਸ ਦੀ ਪੇਸ਼ੇਵਰ ਜ਼ਿੰਦਗੀ ਨਾਲੋਂ ਉਸ ਦੀ ਨਿੱਜੀ ਜ਼ਿੰਦਗੀ ਦੀ ਵੱਧ ਕਵਰੇਜ ਕਰ ਰਿਹਾ ਹੈ ਉਸ ਤੋਂ ਲਗਦਾ ਹੈ ਕਿ ਉਹ ਵੀ ਨਿੱਜੀ ਜ਼ਿੰਦਗੀ ਨੂੰ ਤਰਜੀਹ ਦੇ ਰਹੀ ਹੈ ਪਰ ਆਲੀਆ ਇਸ ਨਾਲ ਸਹਿਮਤ ਨਹੀਂ ਹੈ। ਉਹ ਦੱਸਦੀ ਹੈ ਕਿ ਆਮ ਲੋਕ ਇਸ ਗੱਲ ਵਿਚ ਜ਼ਿਆਦਾ ਦਿਲਚਸਪੀ ਰੱਖਦੇ ਹਨ ਕਿ ਅਦਾਕਾਰਾਂ ਦੀ ਨਿੱਜੀ ਜ਼ਿੰਦਗੀ ਵਿਚ ਕੀ ਵਾਪਰ ਰਿਹਾ ਹੈ। ਆਲੀਆ ਨੇ ਦੱਸਿਆ ਕਿ ਉਹ ਝੂਠੀਆਂ ਖ਼ਬਰਾਂ ਤੋਂ ਬਹੁਤ ਖਿਝਦੀ ਹੈ। ਜਦ ਲੋਕ ਉਸ ਬਾਰੇ ਝੂਠੀਆਂ ਖ਼ਬਰਾਂ ਫੈਲਾਉਂਦੇ ਹਨ ਤਾਂ ਉਸ ਨੂੰ ਬਹੁਤ ਗੁੱਸਾ ਆਉਂਦਾ ਹੈ ਜਿਸ ਨੂੰ ਡਿਜੀਟਲ ਪਲੈਟਫਾਰਮ 'ਤੇ ਕੰਟਰੋਲ ਕਰਨਾ ਔਖਾ ਹੋ ਜਾਂਦਾ ਹੈ। ਉਹ ਦਾਅਵਾ ਕਰਦੀ ਹੈ ਕਿ ਨਿਰਮਾਤਾ ਵਜੋਂ ਕੰਮ ਕਰਨ ਦਾ ਉਸ 'ਤੇ ਕੋਈ ਪ੍ਰਭਾਵ ਨਹੀਂ ਪਿਆ। 'ਡਾਰਲਿੰਗਜ਼' ਦੀ ਸ਼ੂਟਿੰਗ ਵੇਲੇ ਉਹ ਫਿਲਮ ਦੇ ਨਿਰਮਾਤਾ ਵਜੋਂ ਘੱਟ ਬਲਕਿ ਅਦਾਕਾਰਾ ਵਜੋਂ ਵੱਧ ਵਿਚਰੀ।

ਕਾਜੋਲ ਦਾ ਸਿਨੇ ਜਗਤ 'ਚ ਤਿੰਨ ਦਹਾਕੇ ਦਾ ਸਫ਼ਰ ਪੂਰਾ ਹੋਇਆ

ਮੁੰਬਈ-ਬੌਲੀਵੁੱਡ ਅਦਾਕਾਰਾ ਕਾਜੋਲ ਨੇ ਅੱਜ ਸਿਨੇ ਜਗਤ ਵਿੱਚ 30 ਸਾਲ ਪੂਰੇ ਕਰ ਲਏ ਹਨ ਅਤੇ ਉਸ ਨੇ ਇਸ ਸਫ਼ਰ ਦੌਰਾਨ ਮਿਲੇ ਪਿਆਰ ਲਈ ਆਪਣੇ ਚਾਹੁਣ ਵਾਲਿਆਂ ਦਾ ਸ਼ੁਕਰੀਆ ਅਦਾ ਕੀਤਾ ਹੈ। 47 ਸਾਲਾ ਅਦਾਕਾਰਾ ਨੇ ਇਸ ਪਲ ਦਾ ਜਸ਼ਨ ਮਨਾਉਣ ਲਈ ਆਪਣੀਆਂ ਕੁਝ ਪ੍ਰਸਿੱਧ ਫ਼ਿਲਮਾਂ 'ਚ ਨਿਭਾਏ ਕਿਰਦਾਰਾਂ ਦਾ ਇੱਕ 'ਵੀਡੀਓ ਸੰਗ੍ਰਿਹ' ਸਾਂਝਾ ਕੀਤਾ ਹੈ, ਜਿਸ ਦੀ ਕੈਪਸ਼ਨ ਵਿੱਚ ਉਸ ਨੇ ਲਿਖਿਆ, "ਮੈਨੂੰ ਕੱਲ੍ਹ ਕਿਸੇ ਨੇ ਪੁੱਛਿਆ ਸੀ ਕਿ ਮੈਂ ਕੀ ਮਹਿਸੂਸ ਕਰ ਰਹੀ ਹਾਂ? ਪਰ ਮੈਂ ਇਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਸਕੀ, ਸਿਵਾਏ ਇਹ ਕਹਿਣ ਦੇ ਕਿ ਮੈਨੂੰ ਬਿਨਾਂ ਸ਼ਰਤ ਐਨਾ ਪਿਆਰ ਦੇਣ ਲਈ ਮੈਂ ਸਾਰਿਆਂ ਦੀ ਬਹੁਤ ਧੰਨਵਾਦੀ ਹਾਂ। ਖੈਰ, 30 ਸਾਲ ਹੋ ਗਏ ਅਤੇ ਗਿਣਤੀ ਜਾਰੀ ਹੈ...ਜੇਕਰ ਰੱਬ ਨੇ ਚਾਹਿਆ ਤਾਂ 30 ਸਾਲ ਹੋਰ ਹੋਣਗੇ।" ਅਦਾਕਾਰਾ ਤਨੂਜਾ ਅਤੇ ਨਿਰਦੇਸ਼ਕ ਸ਼ੋਮੂ ਮੁਖਰਜੀ ਦੀ ਧੀ ਕਾਜੋਲ ਨੇ 31 ਜੁਲਾਈ 1992 ਨੂੰ ਰਿਲੀਜ਼ ਹੋਈ ਫਿਲਮ 'ਬੇਖੁਦੀ' ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਤਿੰਨ ਦਹਾਕਿਆਂ ਵਿੱਚ ਉਸ ਨੇ 'ਯੇ ਦਿਲੱਗੀ', 'ਦੁਸ਼ਮਨ', 'ਪਿਆਰ ਕੀਆ ਤੋ ਡਰਨਾ ਕਿਆ', 'ਪਿਆਰ ਤੋ ਹੋਨਾ ਹੀ ਥਾ', 'ਫਨਾਹ' ਅਤੇ 'ਗੁਪਤ' ਵਰਗੀਆਂ ਹਿੱਟ ਫਿਲਮਾਂ ਦਿੱਤੀਆਂ। ਇਸੇ ਤਰ੍ਹਾਂ ਉਸ ਨੇ ਸੁਪਰਸਟਾਰ ਸ਼ਾਹਰੁਖ ਖਾਨ ਨਾਲ 'ਬਾਜ਼ੀਗਰ', 'ਕਰਨ ਅਰਜੁਨ', 'ਦਿਲਵਾਲੇ ਦੁਲਹਨੀਆ ਲੇ ਜਾਏਂਗੇ', 'ਕੁਛ ਕੁਛ ਹੋਤਾ ਹੈ', 'ਕਭੀ ਖੁਸ਼ੀ ਕਭੀ ਗਮ', 'ਮਾਈ ਨੇਮ ਇਜ਼ ਖਾਨ' ਅਤੇ 'ਦਿਲਵਾਲੇ' ਵਰਗੀਆਂ ਫਿਲਮਾਂ ਵਿੱਚ ਕੰਮ ਕੀਤਾ। ਇਸ ਤੋਂ ਇਲਾਵਾ ਉਸ ਨੇ ਆਪਣੇ ਪਤੀ ਅਜੈ ਦੇਵਗਨ ਨਾਲ ਵੀ 'ਪਿਆਰ ਤੋ ਹੋਨਾ ਹੀ ਥਾ', 'ਇਸ਼ਕ', 'ਰਾਜੂ ਚਾਚਾ', 'ਯੂ ਮੀ ਔਰ ਹਮ' ਅਤੇ 'ਤਾਨਾਜੀ: ਦਿ ਅਨਸੰਗ ਵਾਰੀਅਰ' ਵਰਗੀਆਂ ਹਿੱਟ ਫਿਲਮਾਂ ਦਿੱਤੀਆਂ। ਹਾਲ ਹੀ ਵਿੱਚ ਖ਼ਬਰ ਏਜੰਸੀ 'ਪੀਟੀਆਈ' ਨੂੰ ਦਿੱਤੀ ਇੰਟਰਵਿਊ ਵਿੱਚ ਅਦਾਕਾਰਾ ਕਿਹਾ ਕਿ ਉਹ ਖੁਸ਼ਕਿਸਮਤ ਹੈ ਕਿ ਉਸ ਨੇ ਕੁਝ ਵੱਡੇ ਨਿਰਦੇਸ਼ਕਾਂ ਨਾਲ ਸ਼ਾਨਦਾਰ ਫਿਲਮਾਂ ਵਿੱਚ ਕੰਮ ਕੀਤਾ। ਜ਼ਿਕਰਯੋਗ ਹੈ ਕਿ ਆਉਂਦੇ ਦਿਨੀਂ ਕਾਜੋਲ ਡਿਜ਼ਨੀ ਪਲੱਸ ਹਾਟਸਟਾਰ 'ਤੇ ਪਹਿਲੀ ਵੈੱਬ ਸੀਰੀਜ਼ ਵਿੱਚ ਨਜ਼ਰ ਆਵੇਗੀ।

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

'ਜੈ ਭੀਮ', 'ਗੰਗੂਬਾਈ' ਤੇ 'ਬਧਾਈ ਦੋ' ਸਰਵੋਤਮ ਫ਼ਿਲਮਾਂ ਚੁਣੀਆਂ

ਮੁੰਬਈ-ਫਿਲਮ ਫੈਸਟੀਵਲ ਆਫ ਮੈਲਬਰਨ (ਆਈ ਐੱਫ ਐੱਫ ਐੱਮ) ਦੇ 13ਵੇਂ ਐਡੀਸ਼ਨ ਵਿੱਚ 'ਗੰਗੂਬਾਈ ਕਾਠੀਆਵਾੜੀ', 'ਬਧਾਈ ਦੋ', 'ਜੈ ਭੀਮ', '83' ਅਤੇ 'ਮੀਨਲ ਮੁਰਲੀ' ਸਣੇ ਕਈ ਹੋਰ ਫਿਲਮਾਂ ਬਿਹਤਰੀਨ ਸ਼੍ਰੇਣੀ ਵਿੱਚ ਨਾਮਜ਼ਦ ਕੀਤੀਆਂ ਗਈਆਂ ਹਨ। ਇਸ ਸਾਲ 'ਜੈ ਭੀਮ', 'ਦਿ ਰੇਪਿਸਟ', 'ਗੰਗੂਬਾਈ ਕਾਠੀਆਵਾੜੀ', '83', 'ਬਧਾਈ ਦੋ' ਤੇ 'ਸਰਦਾਰ ਊਧਮ' ਤੇ ਹੋਰ ਫਿਲਮਾਂ ਦੇ ਅਦਾਕਾਰਾਂ ਸਣੇ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਇਸੇ ਦੌਰਾਨ ਜਿਥੇ ਹਿੰਦੀ ਫਿਲਮਾਂ ਵਿੱਚ 'ਪੇਡਰੋ', 'ਵੰਸ ਅਪੌਨ ਏ ਟਾਈਮ ਇਨ ਕੈਲਕਟਾ', 'ਫੇਅਰ ਫੋਕ' ਚੰਗੀ ਵਾਹ-ਵਾਹ ਖੱਟੀ, ਉੱਥੇ 'ਉਰਫ਼', 'ਆਈਨਾ' ਅਤੇ 'ਲੇਡੀਜ਼ ਓਨਲੀ' ਬਿਹਤਰੀਨ ਦਸਤਾਵੇਜ਼ੀ ਵਜੋਂ ਚੁਣੀਆਂ ਗਈਆਂ। ਇਸ ਦੌਰਾਨ ਚੁਣੀ ਗਈ ਬਿਹਤਰੀਨ ਫ਼ਿਲਮ ਆਸਟਰੇਲੀਅਨ ਅਕੈਡਮੀ ਆਫ ਸਿਨੇਮਾ ਅਤੇ ਟੈਲੀਵਿਜ਼ਨ ਆਰਟਸ ਐਵਾਰਡ ਵਿੱਚ ਬਿਹਤਰੀਨ ਏਸ਼ੀਅਨ ਫਿਲਮ ਸ਼੍ਰੇਣੀ ਵਿੱਚ ਸ਼ਾਮਲ ਕੀਤੀ ਜਾਵੇਗੀ। ਫਿਲਮ 'ਪੇਡਰੋ' ਲਈ ਗੋਪਾਲ ਹੇਗੜੇ, 'ਬਧਾਈ ਦੋ' ਲਈ ਰਾਜਕੁਮਾਰ ਰਾਓ' ਅਤੇ '83' ਲਈ ਰਣਵੀਰ ਸਿੰਘ ਸਣੇ ਸੂਰਿਆ, ਤੋਵੀਨੋ ਥੌਮਸ, ਵਿੱਕੀ ਕੌਸ਼ਲ ਅਤੇ ਅਭਿਸ਼ੇਕ ਨੂੰ ਬਿਹਤਰੀਨ ਅਦਾਕਾਰਾਂ ਵਜੋਂ ਚੁਣਿਆ ਗਿਆ ਹੈ। ਇਸੇ ਦੌਰਾਨ ਆਲੀਆ ਭੱਟ, ਦੀਪਿਕਾ ਪਾਦੂਕੋਨ, ਭੂਮੀ ਪੇਡਨੇਕਰ, ਕੋਂਕਣਾ ਸੇਨ ਸ਼ਰਮਾ, ਲੀਜੋਮੋਲ ਜੋਸ, ਸ਼ੇਫ਼ਾਲੀ ਸ਼ਾਹ, ਸ੍ਰੀਲੇਖਾ ਮਿਤਰਾ ਅਤੇ ਵਿਦਿਆ ਬਾਲਨ ਬਿਹਤਰੀਨ ਅਦਾਕਾਰਾ ਵਜੋਂ ਚੁਣੀਆਂ ਗਈਆਂ। ਇਸੇ ਦੌਰਾਨ ਪਾਕਿਸਤਾਨ ਦੀ 'ਜੁਆਏਲੈਂਡ', ਬੰਗਲਾਦੇਸ਼ ਦੀ 'ਨੋ ਮੈਨਜ਼ ਲੈਂਡ' ਅਤੇ ਸ੍ਰੀਲੰਕਾ ਦੀ 'ਦਿ ਨਿਊਜ਼ਪੇਪਰ' ਨੂੰ ਬਿਹਤਰੀਨ ਫਿਲਮਾਂ ਵਜੋਂ ਚੁਣਿਆ ਗਿਆ ਹੈ।

TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca
Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .

‘ਚਕਦਾ ਐਕਸਪ੍ਰੈੱਸ’ ਲਈ ਇੰਗਲੈਂਡ ਵਿਚ ਕ੍ਰਿਕਟ ਟਰੇਨਿੰਗ ਲਵੇਗੀ ਅਨੁਸ਼ਕਾ ਸ਼ਰਮਾ

ਅਨੁਸ਼ਕਾ ਸ਼ਰਮ ਜਲਦੀ ਹੀ ਫਿਲਮ ‘ਚਕਦਾ ਐਕਸਪ੍ਰੈੱਸ’ ਵਿੱਚ ਆਏਗੀ। ਉਸ ਵਿੱਚ ਉਹ ਮਹਿਲਾ ਕ੍ਰਿਕਟ ਦੀ ਆਲ ਟਾਈਮ ਫਾਸਟ ਬਾਲਰ ਝੂਲਨ ਗੋਸਵਾਮੀ ਦਾ ਰੋਲ ਨਿਭਾਵੇਗੀ। ਸੂਤਰਾਂ ਨੇ ਦੱਸਿਆ ਕਿ ਫਿਲਮ ਦੇ ਕੁਝ ਇੰਟੈਂਸਿਵ ਪੋਰਸ਼ਨ ਦੀ ਸ਼ੂਟਿੰਗ ਤੋਂ ਪਹਿਲਾਂ ਖੁਦ ਨੂੰ ਪੂਰੀ ਤਰ੍ਹਾਂ ਤਿਆਰ ਕਰਨ ਲਈ ਅਨੁਸ਼ਕਾ ਇੰਗਲੈਂਡ ਜਾ ਰਹੀ ਹੈ। ਸੂਤਰਾਂ ਮੁਤਾਬਕ ‘ਪਰਦੇ ਉੱਤੇ ਝੂਲਨ ਬਣਨ ਵਿੱਚ ਅਨੁਸ਼ਕਾ ਕੋਈ ਕਸਰ ਨਹੀਂ ਛੱਡ ਰਹੀ। ਉਹ ਆਪਣੀ ਬਾਡੀ ਤਿਆਰ ਕਰੇਗੀ, ਫਿਲਮ ਦੇ ਕ੍ਰਿਕਟ ਪੋਰਸ਼ਨ ਦੀ ਸ਼ੂਟਿੰਗ ਸ਼ੁਰੂ ਕਰਨ ਤੋਂ ਉਹ ਲੀਡਸ ਵਿੱਚ ਆਪਣੇ ਕ੍ਰਿਕਟ ਸਕਿਲਸ ਦੀ ਪ੍ਰਫੈਕਟ ਬਣਾਏਗੀ। ਇਸ ਲਈ ਉਹ ਅਗਸਤ ਤੋਂ ਸਤੰਬਰ ਅੱਧ ਤੱਕ ਟਫ ਟਰੇਨਿੰਗ ਤੋਂ ਗੁਜ਼ਰੇਗੀ। ਫਿਲਮ ਨੂੰ ਲੀਡ ਕਰਨ ਲਈ ਅਨੁਸ਼ਕਾ ਤਿੰਨ ਸਾਲ ਬਾਅਦ ਫਿਲਮਾਂ ਵਿੱਚ ਵਾਪਸੀ ਕਰ ਰਹੀ ਹੈ। ਇਸ ਦੀ ਸ਼ੂਟਿੰਗ ਭਾਰਤ ਅਤੇ ਯੂ.ਕੇ ਵਿੱਚ ਹੋਣੀ ਹੈ। ਮੰਨੀ ਪ੍ਰਮੰਨੀ ਭਾਰਤੀ ਤੇਜ਼ ਗੇਂਦਬਾਜ਼ ਦੇ ਕਿਰਦਾਰ ਲਈ ਅਨੁਸ਼ਕਾ ਪਹਿਲਾਂ ਕਈ ਮਹੀਨਿਆਂ ਤੋਂ ਤਿਆਰੀ ਵਿੱਚ ਲੱਗੀ ਹੋਈ ਹੈ। ਕਲੀਨ ਸਲੇਟ ਫਿਲਮਜ਼ ਦੇ ਬੈਨਰ ਹੇਠ ਇਸ ਦਾ ਨਿਰਮਾਣ ਕੀਤਾ ਰਿਹਾ ਹੈ।

MORTGAGE

Get Interest Rates as low as

4.10%*

5 YEARS VARIABLE CLOSED

*Conditions Apply. Rates subject to change without notice. It is for the Principal house.

GET CASH BACK UP TO $3000*

Our Symbol of Care & Service

Superior Mortgage

Unit 244-8138-128 Street, Surrey

604 507 1000

JOSAN REBAR & DAMPPROOFING LTD.

7 ਸਾਲ ਤੋਂ ਵੱਧ ਤਜ਼ਰਬਾ

- BEAM LOG • POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE

- ਮੁਫਤ ਐਸਟੀਮੇਟ ਲਈ ਫੋਨ ਕਰੋ:

ਸੁਖਵਿੰਦਰ ਸਿੰਘ ਜੋਸਨ

604.250.1686

Email: sukhwinderjosan25@gmail.com

ਕਮਲ ਹਾਸਨ ਦੀ ਫਿਲਮ ‘ਇੰਡੀਅਨ 2’ ਤੋਂ ਕਾਜਲ ਅਗਰਵਾਲ ਬਾਹਰ

ਕਮਲ ਹਾਸਨ ਦੀ ਫਿਲਮ ‘ਇੰਡੀਅਨ 2’ ਪਿਛਲੇ ਕੁਝ ਸਾਲਾਂ ਤੋਂ ਰੁਕੀ ਪਈ ਹੈ। ਕਰੀਬ ਦੋ ਸਾਲ ਪਹਿਲਾਂ ਇਸ ਫਿਲਮ ਦੇ ਸੈੱਟ ਉਤੇ ਹਾਦਸਾ ਹੋ ਗਿਆ ਸੀ ਅਤੇ ਇਸ ਦੇ ਬਾਅਦ ਤੋਂ ਇਸ ਦਾ ਕੰਮ ਨਹੀਂ ਸ਼ੁਰੂ ਹੋ ਸਕਿਆ ਹੈ। ਅੱਗੋਂ ਇਸ ਫਿਲਮ ਦੀ ਇੱਕ ਵੱਡੀ ਅਪਡੇਟ ਆਈ ਹੈ। ਮੇਕਰਸ ਨੇ ਫਿਲਮ ਵਿੱਚੋਂ ਕਾਜਲ ਅਗਰਵਾਲ ਨੂੰ ਹਟਾ ਦਿੱਤਾ ਹੈ। ਸੂਤਰਾਂ ਮੁਤਾਬਕ ਇਸ ਵਿੱਚ ਕਾਜਲ ਦੀ ਜਗ੍ਹਾ ਦੀਪਿਕਾ ਪਾਦੁਕੋਣ ਤੇ ਕੈਟਰੀਨਾ ਕੈਫ ਵਰਗੀਆਂ ਅਭਿਨੇਤਰੀਆਂ ਦੇ ਨਾਂਅ ਬਾਰੇ ਸੋਚਿਆ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਇਸ ਨੂੰ ਪੈਨ ਇੰਡੀਆ ਫਿਲਮ ਦੇ ਰੂਪ ਵਿੱਚ ਡਿਜ਼ਾਈਨ ਕੀਤਾ ਜਾ ਰਿਹਾ ਹੈ। ਫਿਲਮ ਨੂੰ ਬਾਲੀਵੁੱਡ ਦੀਆਂ ਵੱਡੀਆਂ ਹੀਰੋਇਨਾਂ ਜਿਵੇਂ ਦੀਪਿਕਾ ਜਾਂ ਕੈਟਰੀਨਾਦੀ ਜ਼ਰੂਰਤ ਹੈ। ਇਸ ਨੂੰ ਸ਼ੰਕਰ ਡਾਇਰੈਕਟ ਕਰ ਰਹੇ ਹਨ। ਇਸ ਦਾ ਪਹਿਲਾ ਪਾਰਟ 1996 ਵਿੱਚ ਰਿਲੀਜ਼ ਹੋਇਆ ਸੀ। ਪਹਿਲੇ ਪਾਰਟ ਵਿੱਚ ਕਮਲ ਦੇ ਇਲਾਵਾ ਉਰਮਿਲਾ ਮਾਤੋਂਡਕਰ ਅਤੇ ਮਨੀਸ਼ਾ ਕੋਇਰਾਲਾ ਲੀਡ ਰੋਲ ਵਿੱਚ ਸਨ। ਦੱਸਣਾ ਬਣਦਾ ਹੈ ਕਿ ਕਾਜਲ ਨੂੰ ਇਸ ਤੋਂ ਪਹਿਲਾਂ ਫਿਲਮ ‘ਆਚਾਰੀਆ’ ਤੋਂ ਵੀ ਹਟਾਇਆ ਗਿਆ ਸੀ। ਫਿਲਮ ਵਿੱਚ ਚਿਰੰਜੀਵੀ ਲੀਡ ਰੋਲ ਵਿੱਚ ਸਨ। ਕਮਲ ਹਾਸਨ ਵੀ ਫਿਲਮ ‘ਵਿਕਰਮ’ ਵਿੱਚ ਨਜ਼ਰ ਆ ਚੁੱਕੇ ਹਨ।

‘ਏਕ ਵਿਲੇਨ ਰਿਟਰਨਜ਼’ ਨੂੰ ਮਿਲੇ ਹੁੰਗਾਰੇ ਤੋਂ ਅਰਜੁਨ ਕਪੂਰ ਖੁਸ਼



ਮੁੰਬਈ-ਬੌਲੀਵੁੱਡ ਅਦਾਕਾਰ ਅਰਜੁਨ ਕਪੂਰ ਆਪਣੀ ਹਾਲ ਹੀ ਵਿੱਚ ਰਿਲੀਜ਼ ਹੋਈ ਫ਼ਿਲਮ ‘ਏਕ ਵਿਲੇਨ ਰਿਟਰਨਜ਼’ ਨੂੰ ਮਿਲੇ ਹੁੰਗਾਰੇ ਤੋਂ ਖੁਸ਼ ਹੈ। ਇਸ ਫਿਲਮ ਨੇ ਰਿਲੀਜ਼ ਹੋਣ ਦੇ ਤੀਜੇ ਦਿਨ ਤਕ ਬਾਕਸ ਆਫਿਸ ‘ਤੇ 14.52 ਕਰੋੜ ਦੀ ਕਮਾਈ ਕਰ ਲਈ ਹੈ। ਅਦਾਕਾਰ ਦਾ ਕਹਿਣਾ ਹੈ ਕਿ ਇਹ ਫਿਲਮ ਉਸ ਦੇ ਕਰੀਅਰ ਦੀ ਪੰਜਵੀਂ ਸਭ ਤੋਂ ਵੱਡੀ ਫ਼ਿਲਮ ਹੈ। ਉਸ ਨੇ ਕਿਹਾ ਕਿ ਕਰੋਨਾ ਮਹਾਮਾਰੀ ਤੋਂ ਬਾਅਦ ਹੁਣ ਸਿਨੇ ਜਗਤ ਨੇ ਵਾਪਸ ਲੈਅ ਫੜੀ ਹੈ, ਜੋ ਜਾਇਜ਼ ਵੀ ਹੈ। ਅਰਜੁਨ ਦੀ ਸਭ ਤੋਂ ਸਫਲ ਫਿਲਮ ‘ਗੁੰਡੇ’ ਨੇ 16.12 ਕਰੋੜ, ‘2 ਸਟੇਟਸ’ ਨੇ 12.42 ਕਰੋੜ ਅਤੇ ‘ਹਾਫ ਗਰਲਫਰੈਂਡ’ ਨੇ 10.27 ਕਰੋੜ ਦੀ ਕਮਾਈ ਕੀਤੀ ਸੀ। ਅਰਜੁਨ ਦੀ ‘ਏਕ ਵਿਲੇਨ ਰਿਟਰਨਜ਼’ ਨੇ ਪਹਿਲੇ ਦਿਨ ਹੀ 7.05 ਕਰੋੜ ਰੁਪਏ ਕਮਾਏ। ਅਰਜੁਨ ਨੇ ਕਿਹਾ ਕਿ ਉਸ ਨੂੰ ਖੁਸ਼ੀ ਹੋ ਰਹੀ ਹੈ ਕਿ ਲੋਕ ਉਸ ਦੀ ਅਦਾਕਾਰੀ ਦੀ ਪ੍ਰਸ਼ੰਸਾ ਕਰ ਰਹੇ ਹਨ। ਉਹ ਇੱਕ ਸ਼ਾਨਦਾਰ ਅਤੇ ਵਧੀਆ ਫਿਲਮ ਦਾ ਹਿੱਸਾ ਬਣਨਾ ਚਾਹੁੰਦਾ ਸੀ ਅਤੇ ਉਹ ਹੁਣ ਆਪਣੀ ਪ੍ਰਾਪਤੀ ‘ਤੇ ਖੁਸ਼ ਹੈ। ਅਰਜੁਨ ਜਲਦੀ ਹੀ ਆਸਮਾਨ ਭਾਰਦਵਾਜ ਦੀ ਫਿਲਮ ‘ਕੁੱਤੇ’ ਅਤੇ ਅਜੈ ਬਹਿਲ ਦੀ ‘ਦਿ ਲੇਡੀਕਿਲਰ’ ਵਿੱਚ ਨਜ਼ਰ ਆਵੇਗਾ।

ਸ਼ੋਰ ਸਾਈਡ ਫਿਸ਼ ਕੈਨਰੀ

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

TRANSource FREIGHTWAYS

Pin to Pin (ਯਾਰਡ ਤੋਂ ਯਾਰਡ)

ਕੰਮ ਲਈ Drivers and Owner Operators ਚਾਹੀਦੇ ਹਨ।

ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

SUKHBIR SINGH:604-525-0527 Ext 112

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604-808-9805

Email:safety@transourcefreightways.com

fruiticana hee Jaana!

BIGGEST SELECTION OF Rakhris AVAILABLE AT ALL fruiticana LOCATIONS

Happy Rakhri

ਫ੍ਰੂਟੀਕੈਨਾ ਦਿਆਂ ਸਾਰੀਆਂ ਲੋਕੇਸ਼ਨਾ ਤੇ ਰੱਖੜੀ ਦੀ ਸਭ ਤੋਂ ਵੱਡੀ ਚੋਣ ਮੌਜੂਦ ਹੈ

LOWEST PRICES IN TOWN

EXTRA EXTRA SUPER SPECIAL
Roma Tomatoes
ਰੋਮਾ ਟਮਾਟਰ
99¢ lb

EXTRA SUPER SUPER SPECIAL
Hamdard Rooh Afza (Indian) 750 ml
ਰੂਹ ਅਫਜ਼ਾ
$3.88 bottle

Opo Squash (Long)
ਓਪੋ ਕੱਦੂ ਲੰਬੇ
88¢ lb

EXTRA SUPER SUPER SPECIAL
Desi Karela
ਦੇਸੀ ਕਰੇਲਾ
$1.49 lb

SUPER SPECIAL
Spinach
ਪਾਲਕ
99¢ bunch

Peaches
ਆੜੂ
$1.99 lb

Rapini (Sarson da Saag)
ਸਰਸੋਂ ਦਾ ਸਾਗ
$2.79 bunch

SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
69¢ lb

SUPER SPECIAL
Jumbo Cauliflower
ਵੱਡਾ ਗੋਭੀ ਦਾ ਫੁੱਲ
$2.49 ea.

Dabur Rose Syrup 710 ml
ਡਾਬਰ ਗੁਲਾਬ ਰਸ
$4.99 bottle

Red Delicious Apples
ਲਾਲ ਸਵਾਦ ਸੇਬ
98¢ lb

SUPER SPECIAL
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box

SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਂਨ)
$3.88 bag

Almonds Supreme #1
ਬਦਾਮ ਪ੍ਰੀਮੀਯਮ ਸਾਈਜ਼ ੧
$3.98 lb

Nectarines
ਨਿਕਟੇਰੀਨਸ
$1.99 lb

Indican Almond Oil 1 L
ਇੰਡੀਕੈਂਨ ਬਦਾਮ ਦਾ ਤੇਲ
$12.99 bottle

Plums
ਆਲੂਬੁਖਾਰਾ
$1.99 lb

SUPER SPECIAL
Fresh Ginger
ਤਾਜ਼ਾ ਅਦਰਕ
98¢ lb

Indian Eggplants
ਦੇਸੀ ਬਤਾਊਂ
$1.49 lb

Zucchini Squash
ਜ਼ੁਕੀਨੀ ਸਕੁਐਸ਼
88¢ lb

Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb

Fri Aug 05, 2022 - Wed Aug 10, 2022
We reserve the right to limit the quantities while they last
Specials valid for Lower Mainland only
Product images may differ from the actual product.

22 LOCATIONS TO SERVE YOU
Head Office:7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS 9 AM - 9 PM 7 DAYS A WEEK

Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------- 236-317-6272
Surrey ---------- 12990 72nd Ave. ---------- 604-503-5510
Surrey ---------- 12788 76A Ave. Surrey ----- 604-597-1676
Surrey ---------- 16788 64 Ave. ---------- 604-372-2023
Surrey ---------- 101-7228 192St. ---------- 604-575-3750
New Westminster 101-331 6th St. ---------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ---------- 604-321-9931
Richmond-------- 4101 No.5 Rd. ---------- 604-244-9520